# ਚਿਰਾਗ

ਜੁਲਾਈ -ਸਤੰਬਰ 1994

**July - September 1994**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

ਪੁਸਤਕ ਲੜੀ—9

# ਵਿਗਾਸ



ਇਸ ਤੋਂ ਪਹਿਲਾਂ ਕਿ ਇਹ ਬਾਰੂਦ
ਸਾਡੀ ਧਰਤੀ ਨੂੰ ਅਪਾਹਿਜ ਕਰੇ
ਸਾਡੇ ਮੌਸਮਾਂ ਨੂੰ ਬੇਰਗ ਕਰੇ
ਕੋਈ ਲੋਰੀ ਯਤੀਮ ਹੋ ਜਾਵੇ
ਕੋਈ ਚਿਹਰਾ ਖਲਾਅ ਦੀ ਧੂੜ ਬਣ ਜਾਵੇ

ਆਓ ਸਾਰੇ
ਉਹਨਾਂ ਕੁਟਲ ਹੱਥਾਂ ਨੂੰ ਮਰੋੜ ਦੇਈਏ
ਜਿਹੜੇ ਸਿਰਫ਼ ਵਿਨਾਸ਼ ਬੀਜਦੇ ਨੇ ।

(ਕਵਿਤਾ ਅੰਕ)

ਮੁੱਲ : ਅੱਠ ਰੁਪਏ

ਪੁਸਤਕ ਲੜੀ ਨੰ: 9

# ਚਿਰਾਗ

ਜੁਲਾਈ-ਅਗਸਤ-ਸਤੰਬਰ 1994

ਸੰਪਾਦਕ : ਹਰਭਜਨ ਸਿੰਘ ਹੁੰਦਲ

ਸੰਪਾਦਕੀ-ਮੰਡਲ :—
ਡਾ: ਕਰਮਜੀਤ ਸਿੰਘ
ਸੁਰਜੀਤ ਗਿੱਲ

★ ਇਸ ਅੰਕ ਦਾ ਕਵੀ : ਡਾ: ਐਸ. ਤਰਸੇਮ ਦੀਆਂ ਛੇ ਨਵੀਆਂ ਗ਼ਜ਼ਲਾਂ

★ ਲੇਖ : ਪ੍ਰੋ: ਬ੍ਰਹਮ ਜਗਦੀਸ਼ ਸਿੰਘ, ਡਾ: ਅਯੂਬ ਮਿਰਜ਼ਾ, ਜਸਵੰਤ ਸਿੰਘ ਵਿਰਦੀ, ਹਰਭਜਨ ਸਿੰਘ ਹੁੰਦਲ, ਮੀਆਂ ਐਨਲਹੱਕ ਫਰੀਦਕੋਟੀ, ਡਾ: ਹਰਭਜਨ ਸਿੰਘ ਭਾਟੀਆ ।

★ ਗ਼ਜ਼ਲਾਂ : ਮਨਜੀਤ ਸਿੰਘ, ਮੱਖਣ ਕੁਹਾੜ, ਰਊਫ਼ ਸ਼ੇਖ, ਜ਼ਹੂਰ ਨਜ਼ਰ

★ ਪ੍ਰਵਾਸੀ ਕਾਵਿ-ਸੰਸਾਰ : ਗੁਰਚਰਨ ਰਾਮਪੁਰੀ, ਦਰਸ਼ਨ ਬੁਲੰਦਵੀ, ਨਿਰੰਜਨ ਸਿੰਘ ਨੂਰ, ਸੰਤੋਖ ਧਾਲੀਵਾਲ, ਵਰਿੰਦਰ ਪ੍ਰੀਹਾਰ ।

★ ਨਜ਼ਮਾਂ : ਹਰਵਿੰਦਰ ਭੰਡਾਲ

★ ਵਾਘਿਓਂ ਪਾਰ : ਡਾ: ਅਯੂਬ ਮਿਰਜ਼ਾ, ਰਊਫ਼ ਸ਼ੇਖ, ਜ਼ਹੂਰ ਨਜ਼ਰ, ਨਸੀਰ ਅਹਿਮਦ, ਮੀਆਂ ਐਨਲਹੱਕ ਫਰੀਦਕੋਟੀ ।

★ ਕਵੀ ਤੇ ਕਵਿਤਾ : ਚਿੱਲੀ ਦੇ ਸੰਸਾਰ ਪ੍ਰਸਿੱਧ ਸਪੇਨੀ ਕਵੀ ਪਾਬਲੋ ਨੇਰੂਦਾ ਬਾਰੇ ਨਿਬੰਧ ਤੇ ਸੱਤ ਕਵਿਤਾਵਾਂ ।

★ ਪੁਸਤਕ ਪੜਚੋਲ : ਜੰਗਨਾਮਾ ਪੰਜਾਬ (ਡਾ. ਹਰਵਜਨ ਸਿੰਘ ਭਾਟੀਆ), ਜ਼ਿਦ ਨਹੀਂ ਕਰੀਦੀ (ਪ੍ਰੋ: ਸੁਰਿੰਦਰ ਗਿੱਲ), ਸਤਲੁਜ ਦਾ ਸਿਰਨਾਵਾਂ (ਡਾ. ਐਸ. ਤਰਸੇਮ), ਤਾਰੀਖ ਵਰਕਾ ਵਰਕਾ (ਪ੍ਰੋ: ਅਤੈ ਸਿੰਘ) ।

★ ਤੁਹਾਡੇ ਖ਼ਤ : ............

★ ਪੁਸਤਕ ਪ੍ਰਾਪਤੀ : ............

★ ਟਾਈਟਲ ਦੀ ਕਵਿਤਾ ਵਿਸ਼ਾਲ

Postal Address :
Harbhajan Singh Hundal
Editor Chirgh (Quarterly)
V. Fatu Chak,
P/o. Dhilwan,
Distt. Kapurthala-144804
(Pb.) India

ਸਹਾਇਤਾ ਵੇਰਵਾ :

| | | |
|---|---|---|
| ਇਕ ਪਰਚਾ | : | 8 ਰੁਪਏ |
| ਵਾਰਸ਼ਿਕ | : | 30 ਰੁਪਏ |
| ਬਦੇਸ਼ (ਵਾਰਸ਼ਿਕ) | : | 250 ਰੁਪਏ |
| ਇਕ ਪਰਚਾ | : | ਇਕ ਪੌਂਡ |

ਪ੍ਰਿੰਟਰ, ਮਾਲਕ ਤੇ ਪਬਲਿਸ਼ਰ ਡਾ: ਅਨੂਪ ਸਿੰਘ ਨੇ ਅਨੂਪਮ ਪ੍ਰਿੰਟਿੰਗ ਪ੍ਰੈਸ, ਜਲੰਧਰ ਤੋਂ ਛਪਵਾ ਕੇ E. J.-272, ਚਹਾਰ ਬਾਗ, ਜਲੰਧਰ ਤੋਂ ਪ੍ਰਕਾਸ਼ਤ ਕੀਤਾ ।



## ਛੇ ਗ਼ਜ਼ਲਾਂ/ਡਾ. ਐਸ. ਤਰਸੇਮ

### (1)

ਸੋਚਾਂ ਟੁੱਟਦੇ ਰਿਸ਼ਤੇ ਤੱਕ ਕੇ ਧੀਆਂ-ਪੁੱਤਰਾਂ ਮਾਵਾਂ ਦੇ
ਕਿਧਰੇ ਰਿਸ਼ਤੇ ਟੁੱਟ ਨਾ ਜਾਵਣ ਪਾਣੀ ਤੇ ਦਰਿਆਵਾਂ ਦੇ

ਨਾਨਕ ਛੱਕ ਤੇ ਕੀ ਲਾਵੇਂਗਾ ਪੁਛਦੀ ਭੈਣ ਭਰਾ ਨੂੰ ਜਦ
ਲਗਦੇ ਪੈਸੇ ਦੇ ਸੰਗ ਬੱਝੇ ਰਿਸ਼ਤੇ ਭੈਣ-ਭਰਾਵਾਂ ਦੇ

ਕਣਕਾਂ ਦੀ ਥਾਂ ਜੇਕਰ ਥਾਂ-ਥਾਂ ਰਫ਼ਲਾਂ ਬੀਜੀ ਜਾਓਗੇ
ਔਖੇ ਫਿਰ ਤਾਂ ਸੁੱਖ-ਸੁਨੇਹਾ ਆਉਣਾ ਹੱਥੀਂ ਕਾਵਾਂ ਦੇ

ਹਿਜਰਤ ਕਰਦੇ-ਕਰਦੇ ਜੇਕਰ ਸਾਰਾ ਜੀਵਨ ਲੰਘੇਗਾ
ਨਾ ਮੋਹ ਰਹਿਣੇ ਯਾਰਾਂ ਦੇ ਤੇ ਨਾ ਮੋਹ ਰਹਿਣੇ ਥਾਵਾਂ ਦੇ

ਜਿਥੇ ਫੌਜੀ ਜੀਪਾਂ ਹੀ ਨੇ ਜਾਂ ਫਿਰ ਖੜ-ਖੜ ਬੂਟਾਂ ਦੀ
ਕੀ ਮੁੱਲ ਉਥੇ ਅਖ਼ਬਾਰਾਂ ਦੇ ਕੀ ਮੁੱਲ ਉਥੇ ਰਾਵਾਂ ਦੇ ?

ਗੀਤਾਂ ਵੀ ਮਰ ਜਾਣਾ ਹੈ ਤੇ ਗ਼ਜ਼ਲਾਂ ਵੀ ਤੁਰ ਜਾਣਾ ਹੈ
ਰੂਹਾਂ ਨੂੰ ਹੀ ਝੁਲਸ ਗਏ ਜੋ ਬੁੱਲੇ ਗਰਮ ਹਵਾਵਾਂ ਦੇ

ਰਾਜ ਸਿੰਘਾਸਨ ਖ਼ਾਤਰ ਕੱਟਿਆ ਜੋ ਸ਼ਾਹੀ ਤਰਖਾਣਾਂ ਨੇ
ਸੁਪਨੇ ਹੀ ਹੁਣ ਬਾਕੀ ਰਹਿ ਗਏ ਉਸ ਪਿੱਪਲ ਦੀਆਂ ਛਾਵਾਂ ਦੇ

### (2)

ਧੱਪਾਂ 'ਚ ਤਾਂਹੀ ਖਿੜਦੇ ਬਾਗ਼ੀਂ ਗੁਲਾਬ ਤੇਰੇ
ਹੁੰਦੇ ਜੇ ਰੌਸ਼ਨੀ ਤੇ ਖੁਸ਼ਬੂ ਦੇ ਖ਼ਾਬ ਤੇਰੇ

ਮੈਂ ਸ਼ਹਿਦ ਵਿਚ ਭਿਉਂ ਖ਼ਤ ਭੇਜੇ ਬਹਾਰ ਹੱਥੀਂ
ਆਏ ਮਗਰ ਖ਼ਿਜ਼ਾਂ ਹੱਥ ਸੁੱਕੇ ਜਵਾਬ ਤੇਰੇ

ਇੱਕ ਰੀਝ ਮੇਰੀ ਪਹੁੰਚੀ ਤੇਰੇ ਘਰੇ ਮਸਾਂ, ਪਰ
ਨਾ ਬੋਲੇ ਨਾਲ ਉਸਦੇ ਨਖ਼ਰੇ ਨਵਾਬ ਤੇਰੇ

ਤੇਰੇ ਤੇ ਮੇਰੇ ਵਿਚਲਾ ਫਾਸਲਾ ਕੀ ਥੋੜ੍ਹੈ,
ਹੱਥ ਵਿਚ ਇਹ ਮੇਰੇ ਘੁੱਗੀ, ਹੱਥ ਵਿਚ ਉਕਾਬ ਤੇਰੇ

ਬੇਕਾਰ ਹੈ ਮੁਹੱਬਤ ਦੀ ਗੱਲ ਕਰਨੀ, ਜੋ ਹੈ
ਮੂੰਹ ਤੇ ਨਕਾਬ ਉਹਦੇ, ਮੂੰਹ ਤੇ ਨਕਾਬ ਤੇਰੇ

ਕਿਰਪਾਨ ਵੀ ਹੈ ਦਿਸਦੀ, ਤਰਸ਼ੂਲ ਵੀ ਹੈ ਦਿਸਦਾ
ਦਿਸਦੀ ਨਹੀਂ ਕਿਤੇ ਪਰ ਘਰ ਵਿਚ ਰਬਾਬ ਤੇਰੇ

ਤਰਸੇਮ ਭਾਵੇਂ ਤੈਨੂੰ ਦਿਸਦਾ ਨਹੀਂ ਕੋਈ ਅੱਖਰ
ਫਿਰ ਵੀ ਇਹ ਲਗਦੀ ਚੰਗੀ ਹੱਥ ਵਿਚ ਕਿਤਾਬ ਤੇਰੇ

**(3)**

ਜਦ ਜਦ ਵੀ ਜ਼ਿੰਦਗੀ ਦਾ ਹੈ ਗੰਧਲਿਆ ਪਾਣੀ
ਮੈਂ ਫਿਰ ਵੀ ਨਿਤਰਿਆ ਕਿਧਰੋਂ ਭਾਲਿਆ ਪਾਣੀ

ਗੰਗਾਂ ਨੇ ਪਹਿਲਾਂ ਸਤਲੁਜ ਨੂੰ ਛੇੜਿਆ ਹੋਊ
ਐਵੇਂ ਨਹੀਂ ਇਹ ਸਤਲੁਜ ਦਾ ਖੌਲਿਆ ਪਾਣੀ

ਬੱਦਲ ਵੀ ਕੋਈ ਦਿਲ ਚੋਂ ਤਾਂ ਉਠਿਆ ਹੋਣੈ
ਅੱਖਾਂ ਨੇ ਫੇਰ ਹੀ ਛਮ-ਛਮ ਡੋਲ੍ਹਿਆ ਪਾਣੀ

ਮੇਰਾ ਚਿਹਰਾ ਤਾਂ ਪਹਿਲਾਂ ਵਰਗਾ ਹੀ ਹੈ ਰੋਸ਼ਨ
ਤੇਰੇ ਹੀ ਦਿਲ ਦੇ ਸ਼ੀਸ਼ੇ ਦਾ ਬਦਲਿਆ ਪਾਣੀ

ਲਊ ਉਸਦੀ ਮੈਂ ਤਲੀ 'ਤੇ ਅੱਜ ਧਰ ਦਿਆਂ ਸੂਰਜ
ਜਿਸਦੇ ਕਦੇ ਨਾ ਦਿਲ ਦਾ ਹੈ ਡੋਲਿਆ ਪਾਣੀ

ਨਿਰਦੋਸ਼ ਮਛਲੀਆਂ ਹੀ ਵੇਖੀਆਂ ਮੋਈਆਂ
ਸੁੱਚੇ ਸਰੋਵਰਾਂ ਦਾ ਜਦ ਉਬਲਿਆ ਪਾਣੀ

ਚਾਨਣ ਦਾ ਵਗਦਾ ਦਰਿਆ 'ਤਰਸੇਮ' ਹੈ ਯਾਰੋ
ਜਾਣਾ ਨਹੀਂ ਤੁਹਾਥੋਂ ਇਹ ਤੋਲਿਆ ਪਾਣੀ

**(4)**

ਤੁਹਾਡੇ ਮਰਮਰੀ ਕਮਰੇ 'ਚ ਇਹ ਜੋ ਸਜ ਰਿਹਾ ਸੀਸ਼ਾ
ਕਿਸੇ ਵੀ ਹੱਥ ਨਹੀਂ ਲਾਉਣਾ ਜਦੋਂ ਇਹ ਟੁੱਟ ਗਿਆ ਸ਼ੀਸ਼ਾ

ਜਿਵੇਂ ਹੁਣ ਵੇਖਦੇ ਹਾਂ ਹਰ ਜਗਾ ਤੋਂ ਤਿੜਕਿਆ ਸ਼ੀਸ਼ਾ
ਕਦੇ ਵੀ ਵਕਤ ਦਾ ਨਾਂ ਇਸ ਤਰ੍ਹਾਂ ਸੀ ਧੁੰਦਲਿਆ ਸ਼ੀਸ਼ਾ



ਉਨ੍ਹਾਂ ਨੂੰ ਧੁੱਪ ਦਾ ਅਸਲੀ ਕਦੇ ਚਿਹਰਾ ਨਹੀਂ ਦਿਸਣਾ
ਜਿਨ੍ਹਾਂ ਅੱਖਾਂ 'ਤੇ ਕਾਲੇ ਰੰਗ ਦਾ ਹੈ ਲਾ ਲਿਆ ਸ਼ੀਸ਼ਾ

ਦਿਸੇ ਮਿੱਤਰ, ਦਿਸੇ ਦੁਸ਼ਮਣ, ਦਿਸੇ ਵਾਕਫ਼ ਤੇ ਨਾ ਵਾਕਫ਼
ਕਦੇ ਆਪਾ ਨਹੀਂ ਦਿਸਿਆ ਬੜਾ ਮੈਂ ਵੇਖਿਆ ਸ਼ੀਸ਼ਾ

ਜਿਹਦੇ ਵਿਚ ਰੂਹ ਦਿਸੇ ਸਾਰੀ ਜਿਹਦੇ ਵਿਚ ਦਿਲ ਦਿਸੇ ਸਾਰਾ
ਅਜੇ ਤਕ ਉਹ ਨਹੀਂ ਮਿਲਿਆ ਬੜਾ ਮੈਂ ਭਾਲਿਆ ਸ਼ੀਸ਼ਾ

ਤੁਸੀਂ ਹੀ ਹੋਰ ਚਿਹਰਾ ਲਾ ਕੇ ਅੱਜ ਇਸ਼ਨਾਨ ਕੀਤਾ ਹੈ
ਕਿਸੇ ਨੇ ਗੁਸਲਖਾਨੇ ਦਾ ਨਹੀਂ ਹੈ ਬਦਲਿਆ ਸ਼ੀਸ਼ਾ

ਨਾ ਮਿਲਿਆ ਸੀ ਜੋ ਦਫਤਰ ਜਾਣ ਵੇਲੇ ਦਿਨ ਚੜ੍ਹੇ ਤਕ ਵੀ
ਹਨ੍ਹੇਰਾ ਪੈਣ 'ਤੇ ਘਰ 'ਚੋਂ ਕਿਵੇਂ ਉਹ ਮਿਲ ਗਿਆ ਸ਼ੀਸ਼ਾ

ਫਹੇ ਹਰ ਜ਼ਖਮ 'ਤੇ ਧਰਦਾ ਸਦਾ 'ਤਰਸੇਮ' ਰਹਿੰਦੈ, ਪਰ
ਕਿਸੇ ਨੇ ਓਸ ਦੀ ਅੱਖ ਦਾ ਕਦੇ ਨਾ ਪੂੰਝਿਆ ਸ਼ੀਸ਼ਾ

**(5)**

ਨਾ ਰੁੱਖ ਹਨ, ਨਾ ਛਾਂ ਕਿਤੇ, ਨਾ ਫੁੱਲ ਹਨ, ਨਾ ਤਿਤਲੀਆਂ
ਇਸ ਬਾਗ਼ ਤੋਂ ਤਾਂ ਦੂਰ ਹੀ ਸਭ ਲੰਘਦੀਆਂ ਨੇ ਬਦਲੀਆਂ

ਨਾ ਤੋੜੀਆਂ ਹਨ ਗ਼ੈਰ ਨੇ ਨਾ ਓਪਰੇ ਨੇ ਮਸਲੀਆਂ
ਜਦ ਵੀ ਕਲੀਆਂ ਨਿਗਲੀਆਂ ਖ਼ੁਦ ਬੂਟਿਆਂ ਨੇ ਨਿਗਲੀਆਂ

ਬਰਸਾਤ ਜੇ ਹੋਈ ਕਦੇ ਸਾਗਰ ਨੂੰ ਭਰ ਕੇ ਤੁਰ ਗਈ
ਗਿਰੀਆਂ ਕਦੇ ਜੇ ਬਿਜਲੀਆਂ ਮੇਰੇ 'ਤੇ ਗਿਰੀਆਂ ਬਿਜਲੀਆਂ

ਨਾ ਸਾਗਰਾਂ, ਨਾ ਸਰਵਰਾਂ, ਨਾ ਝੀਲ ਵਿਚ ਹੀ ਦਿਸਦੀਆਂ
ਪਾਲਦੇ ਨੇ ਲੋਕ ਹੁਣ ਤਾਂ ਬੋਤਲਾਂ ਵਿਚ ਮਛਲੀਆਂ

ਪਿੱਪਲ ਜਦੋਂ ਕੱਟੇ ਗਏ ਕੁਝ ਕੁਰਸੀਆਂ ਦੇ ਵਾਸਤੇ
ਉਹ ਨਾਲ ਲੈ ਕੇ ਤੁਰ ਗਏ ਸਭ ਗਿੱਧੇ, ਭੰਗੜੇ, ਕਿਕਲੀਆਂ

ਜਦ ਬਾਂਸ ਹੀ ਸਭ ਜਲ ਗਏ ਆਪਸ 'ਚ ਖਹਿਕੇ, ਦੋਸਤੋ
'ਤਰਸੇਮ' ਫਿਰ ਕਿੱਥੋਂ ਲਿਆਵੇ ਕਾਨ੍ਹ ਖਾਤਰ ਮੁਰਲੀਆਂ

## (6)

ਰੁੱਤ ਹੈ ਪੱਤਝੜੀ ਦਿਸ ਰਹੀ ਹਰ ਤਰਫ਼
ਹਰ ਤਰਫ਼ ਦਿਸ ਰਹੀ ਬੇਦਿਲੀ ਬੇਵਸੀ
ਰਾਤ ਭਰ ਚੰਦ ਤਾਰੇ ਵੀ ਰਹਿੰਦੇ ਡਰੇ
ਸਾਰਾ ਦਿਨ ਧੁੱਪ ਵੀ ਰਹਿੰਦੀ ਹੈ ਓਦਰੀ

ਦੀਪ ਉਹ ਵੀ ਬੁਝੇ ਜੋ ਬਨੇਰੇ ਧਰੇ
ਕੁਝ ਬੁਝੇ ਉਹ ਜੋ ਵਿਚ ਸੀ ਘਰੀਂ ਜਗ ਰਹੇ
ਇਸ ਤਰ੍ਹਾਂ ਰਾਤ ਸਾਰੀ ਹਵਾ ਜੋ ਵਗੀ
ਹੂੰਝ ਕੇ ਲੈ ਗਈ ਸ਼ਹਿਰ ਦੀ ਰੌਸ਼ਨੀ

ਇਸ ਤਰ੍ਹਾਂ ਰੋਜ਼ ਦੀਵੇ ਜੇ ਬੁਝਦੇ ਰਹੇ
ਇਸ ਤਰ੍ਹਾਂ ਰੋਜ਼ ਤਾਰੇ ਜੇ ਟੁੱਟਦੇ ਰਹੇ
ਇਸ ਤਰ੍ਹਾਂ ਰੋਜ਼ ਜੁਗਨੂੰ ਜੇ ਮਰਦੇ ਰਹੇ
ਕਰ ਲਵੇ ਨਾ ਕਿਤੇ ਚੰਦ ਵੀ ਖ਼ੁਦਕਸ਼ੀ

ਖੂਨ ਆਪਣੇ ਦਾ ਬੰਦਾ ਜੇ ਪਿਆਸਾ ਰਿਹਾ
ਕੋਲ ਬੰਦੇ ਦੇ ਪਾਣੀ ਵੀ ਜਾਣਾ ਨਹੀਂ
ਸ਼ੋਰ ਬਾਰੂਦ ਦਾ ਏਦਾਂ ਹੀ ਜੇ ਰਿਹਾ
ਸੁਪਨੇ ਵਿਚ ਵੀ ਨਹੀਂ ਦਿਸਣੀ ਮਰਦਾਨਗੀ

ਇਸ ਤਰ੍ਹਾਂ ਹੋਰ ਜੇ ਔੜ ਜਾਰੀ ਰਹੀ
ਪਾਣੀਆਂ ਤੋਂ ਕਿਨਾਰੇ ਵਿਛੜ ਜਾਣਗੇ
ਰੁੱਖ ਸੁੱਕ ਜਾਣਗੇ ਘਾਹ ਵੀ ਮੁੱਕ ਜਾਣਗੇ
ਤੇ ਹਯਾਤੀ ਬਣੇਗੀ ਨਦੀ ਰੇਤ ਦੀ

821, ਗੁਰੂ ਨਾਨਕ ਕਾਲੋਨੀ, ਮਾਲੇਰਕੋਟਲਾ-148023 (ਸੰਗਰੂਰ)

—o—





# ਆਧੁਨਿਕ ਪੰਜਾਬੀ ਕਵਿਤਾ

ਪ੍ਰੋ: ਬ੍ਰਹਮਜਗਦੀਸ਼ ਸਿੰਘ

## (1981-1990)

ਆਧੁਨਿਕ ਯੁੱਗ ਵਿਚ ਸਭਿਆਚਾਰਕ ਪਰਿਵਰਤਨ ਦੀ ਗਤੀ ਬਹੁਤ ਤਿੱਖੀ ਹੈ। ਇਹੀ ਕਾਰਨ ਹੈ ਕਿ ਸਾਹਿਤ ਅਤੇ ਹੋਰ ਕਲਾਵਾਂ ਦੇ ਚਿਹਨਕ ਅਤੇ ਚਿਹਨਤ ਬੜੀ ਤੇਜ਼ੀ ਨਾਲ ਬਦਲਦੇ ਹੋਏ ਦੇਖੇ ਜਾ ਸਕਦੇ ਹਨ। ਪੰਜਾਬੀ ਸਾਹਿਤ ਦੀਆਂ ਮਧਕਾਲੀਨ ਧਾਰਾਵਾਂ ਗੁਰਬਾਣੀ, ਸੂਫ਼ੀ ਕਾਵਿ ਅਤੇ ਕਿੱਸਾ ਕਾਵਿ ਆਦਿ ਦੀ ਤੁਲਣਾ ਵਿਚ ਆਧੁਨਿਕ ਪੰਜਾਬੀ ਕਾਵਿ ਦੇ ਵਿਚਾਰਧਾਰਾਈ ਅਥਵਾ ਰੂਪਾਕਾਰ ਧਰਾਤਲਾਂ ਵਿਚ ਪਰਿਵਰਤਨ ਦੀ ਦਰ ਬਹੁਤ ਤਿੱਖੀ ਹੈ। ਵੀਹਵੀਂ ਸਦੀ ਦੇ ਆਰੰਭ ਤੋਂ ਲੈ ਕੇ ਵੀਹਵੀਂ ਸਦੀ ਦੇ ਇਸ ਅੰਤਿਮ ਦਹਾਕੇ ਤਕ ਪੰਜਾਬੀ ਕਵਿਤਾ ਅਨੁਭਵ ਅਤੇ ਅਭਿਵਿਅਕਤੀ ਦੇ ਬਹੁਤ ਸਾਰੇ ਧਰਾਤਲਾਂ ਵਿਚੋਂ ਗੁਜ਼ਰੀ ਹੈ। ਪੰਜਾਬੀ ਕਵਿਤਾ ਮੱਧਕਾਲੀਨ ਰੂਪਾਂ ਅਤੇ ਵਿਧੀਆਂ ਤੋਂ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਹੀ ਮੁਕਤ ਹੁੰਦੀ ਹੈ। ਪਹਿਲੇ ਦਹਾਕੇ ਵਿਚ ਭਾਈ ਵੀਰ ਸਿੰਘ, ਦੂਜੇ ਦਹਾਕੇ ਵਿਚ ਪ੍ਰੋ: ਪੂਰਨ ਸਿੰਘ ਅਤੇ ਤੀਜੇ ਦਹਾਕੇ ਵਿਚ ਇਨ੍ਹਾਂ ਦੋਹਾਂ ਕਵੀਆਂ ਦੇ ਨਾਲ ਧਨੀ ਰਾਮ ਚਾਤ੍ਰਿਕ ਨੇ ਸ਼ਾਮਿਲ ਹੋ ਕੇ, ਆਪਣੇ ਸਹਿਜ ਅਤੇ ਸੰਮਲਿਤ ਪ੍ਰਯਤਨਾਂ ਦੁਆਰਾ ਪੰਜਾਬੀ ਕਾਵਿ ਨੂੰ ਮਧਕਾਲੀਨ ਵਿਚਾਰਧਾਰਾਈ ਅਧਾਰਾਂ ਦੀ ਜਕੜਨ ਵਿਚੋਂ ਬਾਹਰ ਕੱਢ ਲਿਆ। ਇਸ ਦੌਰ ਵਿਚ ਪਰੰਪਰਾ ਅਤੇ ਆਧੁਨਿਕਤਾ ਇਕ ਦੂਜੇ ਦੇ ਸੰਗ-ਸਾਥ ਵਿਚਰ ਰਹੀਆਂ ਸਨ। ਪਰੰਪਰਾ ਦੀ ਪੁਨਰ-ਵਿਆਖਿਆ ਕਰਕੇ ਆਧੁਨਿਕਤਾ ਦੀ ਸਿਰਜਣਾ ਕੀਤੀ ਜਾ ਰਹੀ ਸੀ। ਚੌਥੇ ਦਹਾਕੇ ਵਿਚ ਪ੍ਰੋ. ਮੋਹਨ ਸਿੰਘ ਨੇ ਆਪਣੀ ਕਾਵਿ ਯਾਤਰਾ ਸ਼ੁਰੂ ਕੀਤੀ। 1940 ਤੋਂ ਸ਼ੁਰੂ ਹੋਏ ਦਹਾਕੇ ਵਿਚ ਆਧੁਨਿਕ ਪੰਜਾਬੀ ਕਵਿਤਾ ਦੇ ਖੇਤਰ ਵਿਚ ਪ੍ਰੀਤਮ ਸਿੰਘ ਸਫ਼ੀਰ, ਬਾਵਾ ਬਲਵੰਤ, ਅੰਮ੍ਰਿਤਾ ਪ੍ਰੀਤਮ ਅਤੇ ਪ੍ਰਭਜੋਤ ਕੌਰ ਵਰਗੇ ਕੁਝ ਹੋਰ ਮਹੱਤਵਪੂਰਨ ਹਸਤਾਖ਼ਰ ਆ ਜੁੜੇ ਅਤੇ ਇਸ ਤੋਂ ਪਿਛੋਂ ਪੰਜਾਬੀ ਕਵਿਤਾ ਅਧਿਆਤਮਵਾਦੀ ਅਤੇ ਰੋਮਾਂਸਵਾਦੀ ਸਰੋਕਾਰਾਂ ਤੋਂ ਮੁਕਤ ਹੋ ਕੇ ਸਮ-ਕਾਲੀ ਯਥਾਰਥ ਨੂੰ ਆਧੁਨਿਕ ਦ੍ਰਿਸ਼ਟੀਕੋਣ ਤੋਂ ਨਿਰੂਪਿਤ ਕਰਨ ਦਾ ਸੁਚੇਤ ਪ੍ਰਯਤਨ ਕਰਦੀ ਜਾਪਦੀ ਹੈ। ਇਸੇ ਦਹਾਕੇ ਵਿਚ ਦੇਸ਼ ਆਜ਼ਾਦ ਹੋ ਗਿਆ। ਪੰਜਾਬ ਦੀ ਵੰਡ ਹੋ ਜਾਣ ਕਾਰਨ ਪੰਜਾਬੀ ਸਭਿਆਚਾਰ ਦੇ ਦੋ ਟੋਟੇ ਹੋ ਗਏ। ਸ਼ਾਹ ਮੁਹੰਮਦ ਤੋਂ ਬਾਅਦ ਪੰਜਾਬੀ ਕਵੀਆਂ ਨੂੰ ਇਕ ਵਾਰ ਫੇਰ ਪੰਜਾਬ ਦੇ ਸੰਤਾਪ ਦੀ ਕਵਿਤਾ ਲਿਖਣੀ ਪਈ। ਜੇ ਸ਼ਾਹ ਮੁਹੰਮਦ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਸਾਂਝੀ ਪੰਜਾਬੀਅਤ ਦਾ ਅਲੰਬਰਦਾਰ ਮੰਨਿਆ ਸੀ ਤਾਂ ਪ੍ਰੋ. ਮੋਹਨ ਸਿੰਘ ਅਤੇ ਅੰਮ੍ਰਿਤਾ ਪ੍ਰੀਤਮ ਨੇ ਗੁਰੂ ਨਾਨਕ ਅਤੇ ਵਾਰਸ ਸ਼ਾਹ ਨੂੰ ਸਾਂਝੀ ਪੰਜਾਬੀਅਤ ਦੇ ਆਧਾਰ-ਬਿੰਦੂ ਮੰਨ ਕੇ ਮੁਖ਼ਾਤਿਬ ਕੀਤਾ।

1950 ਤੋਂ ਬਾਅਦ ਆਧੁਨਿਕ ਪੰਜਾਬੀ ਕਵਿਤਾ ਨੂੰ ਇਕ ਵਿਚਾਰਧਾਰਕ ਪ੍ਰਬੰਧ ਵਿਚ ਵਿਉਂਤਬੱਧ ਕਰਨਾ ਕੁਝ ਸੌਖਾ ਹੋ ਜਾਂਦਾ ਹੈ। ਕਿਉਂਕਿ ਇਸ ਤੋਂ ਪਿਛੋਂ ਹਰ

ਦਹਾਕੇ ਦੀ ਕਵਿਤਾ ਵਿਚ ਕੋਈ ਨਾ ਕੋਈ ਵਿਚਾਰਧਾਰਾ ਜਾਂ ਪ੍ਰਵਿਰਤੀ ਪ੍ਰਧਾਨ ਰੂਪ ਵਿਚ ਵਿੱਦਮਾਨ ਰਹੀ ਹੈ। 1950 ਤੋਂ 1960 ਤਕ ਪ੍ਰਗਤੀਵਾਦੀ ਕਾਵਿ, 1960 ਤੋਂ 1970 ਤਕ ਪ੍ਰਯੋਗਵਾਦੀ ਕਾਵਿ ਅਤੇ 1970 ਤੋਂ 1980 ਤਕ ਜੁਝਾਰਵਾਦੀ ਕਾਵਿ ਦੀ ਪ੍ਰਧਾਨਤਾ ਰਹੀ। ਇਸ ਕਾਰਨ ਇਨ੍ਹਾਂ ਦਹਾਕਿਆਂ ਦਾ ਨਾਮਕਰਨ ਇਨ੍ਹਾਂ ਪ੍ਰਵਿਰਤੀਆਂ ਦੇ ਆਧਾਰ ਤੇ ਕੀਤਾ ਜਾ ਸਕਦਾ ਹੈ। ਕਵਿਤਾ ਦੀ ਰੂਪ-ਯੋਜਨਾ ਦੇ ਪ੍ਰਸੰਗ ਵਿਚ ਵੀ ਹਰ ਦਹਾਕਾ ਕਿਸੇ ਨਿਸ਼ਚਿਤ ਰੂੜੀ ਦੀ ਪਾਲਣਾ ਕਰਦਾ ਰਿਹਾ ਹੈ। ਛੇਵੇਂ ਦਹਾਕੇ ਵਿਚ ਛੰਦ-ਯੁਕਤ ਕਵਿਤਾ, ਸਤਵੇਂ ਅਠਵੇਂ ਦਹਾਕੇ ਵਿਚ ਛੰਦ ਮੁਕਤ ਕਵਿਤਾ, ਅਤੇ ਵਿਚਾਰਧੀਨ ਨੌਵੇਂ ਦਹਾਕੇ ਵਿਚ ਪ੍ਰਗੀਤਕ ਕਵਿਤਾ, ਆਧੁਨਿਕ ਕਾਵਿ ਦੀ ਰੂਪ ਯੋਜਨਾ ਦੀ ਪ੍ਰਤੀਨਿਧਤਾ ਕਰਦੀ ਹੈ।

ਨੌਵੇਂ ਦਹਾਕੇ (1980-90) ਵਿਚ ਰਚੀ ਗਈ ਪੰਜਾਬੀ ਕਵਿਤਾ ਦਾ ਮੁਖ ਸਾਰੋਕਾਰ ਪੰਜਾਬ-ਸੰਤਾਪ ਹੈ। ਉਂਜ ਤਾਂ ਪੰਜਾਬੀ ਕਵਿਤਾ, ਪੰਜਾਬੀਅਤ ਦੇ ਆਦਿ-ਕਵੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਸੰਤਪਿਤ ਰਹੀ ਹੈ। 'ਏਤੀ ਮਾਰ ਪਈ ਕੁਰਲਾਣੇ' ਵਿਚ ਪੰਜਾਬ ਦੇ ਸੰਤਾਪ ਦਾ ਹੀ ਨਿਰੂਪਣ ਹੋਇਆ ਹੈ। ਉਨ੍ਹਾਂ ਤੋਂ ਪਿੱਛੋਂ ਕੋਈ ਪ੍ਰਮੁਖ ਕਵੀ ਪੰਜਾਬ ਦੇ ਨਿਰੰਤਰ ਚਲੇ ਆ ਰਹੇ ਸੰਤਾਪ ਤੋਂ ਮੁਕਤ ਨਹੀਂ ਹੋ ਸਕਿਆ। ਪ੍ਰੰਤੂ ਅਜੋਕੇ ਪੰਜਾਬ ਦੀਆਂ ਵਸਤੂਗਤ ਸਥਿਤੀਆਂ ਦੀ ਵਿਰਾਲਤਾ ਕਾਰਨ ਨੌਵੇਂ ਦਹਾਕੇ ਦੀ ਆਧੁਨਿਕ ਪੰਜਾਬੀ ਕਵਿਤਾ ਦਾ ਪ੍ਰਧਾਨ ਸੁਰ ਸੰਤਾਪ ਵਿਚ ਭਿਜਿਆ ਹੋਇਆ ਹੈ। ਡਾ: ਸੁਤਿੰਦਰ ਸਿੰਘ ਨੂਰ ਨੇ ਇਸ ਕਾਲ ਦੀ ਪੰਜਾਬੀ ਕਵਿਤਾ ਦਾ ਵਿਸ਼ਲੇਸ਼ਣ ਕਰਦੇ ਹੋਇਆ ਲਗਪਗ ਵੀਹ ਅਜਿਹੀਆਂ ਮੌਲਿਕ ਜਾਂ ਸੰਪਾਦਿਤ ਪੁਸਤਕਾਂ ਦੀ ਸੂਚੀ ਦਿਤੀ ਹੈ ਜਿਹੜੀਆਂ ਪੂਰੀਆਂ ਦੀ ਪੂਰੀਆਂ ਪੰਜਾਬ ਦੇ ਸੰਤਾਪ ਨੂੰ ਮੁਖ਼ਾਤਿਬ ਹਨ। ਇਨ੍ਹਾਂ ਪੁਸਤਕਾਂ ਦੇ ਕਰਤਿਆਂ ਤੇ ਸੰਪਾਦਕਾਂ ਵਿਚ ਹਰਿੰਦਰ ਸਿੰਘ ਮਹਿਬੂਬ (ਸ਼ਹੀਦ ਦੀ ਅਰਦਾਸ), ਹਰਭਜਨ ਸਿੰਘ ਹੁੰਦਲ (ਅੱਗ ਦਾ ਬੂਟਾ ਤੇ ਜੰਗ-ਨਾਮਾ ਪੰਜਾਬ), ਪ੍ਰੀਤਮ ਸਿੰਘ ਰਾਹੀ (ਸੰਪ: ਪੰਜਾਬ ਬੋਲਦਾ ਹੈ), ਪ੍ਰਮਿੰਦਰਜੀਤ (ਸੰਪ: ਕਵਿਤਾ ਪੰਜਾਬ), ਗੁਰਸ਼ਰਨ ਸਿੰਘ (ਸੰਪ: ਪਹੁੰਚੇ ਹਾਂ ਜਿਸ ਮੁਕਾਮ ਤੇ), ਰਾਜਬੀਰ (ਧੁਖਦਾ ਸ਼ਹਿਰ), (ਸੱਚ ਕੀ ਬਾਣੀ) ਸੰਪਾਦਿਕ ਸੁਹੇਲ ਸਿੰਘ, ਬਲਬੀਰ ਆਤਿਸ਼ (ਪਾਗ਼ਲ ਘੋੜਿਆਂ ਦੇ ਸੁੰਮਾਂ ਹੇਠ), ਧਰਮ ਕੰਮੇਆਣਾ (ਸਮਕਾਲ), ਬਚਨਜੀਤ (ਸੰਪ: ਸਿਰਨਾਵਾਂ ਪੰਜ ਆਬ), ਅਨੂਪ ਵਿਰਕ (ਪਿੱਪਲ ਦੇ ਪੱਤਿਆ ਵੇ) ਗੁਰਭਜਨ ਗਿਲ (ਹਰ ਧੁਖਦਾ ਪਿੰਡ ਮੇਰਾ ਹੈ), ਅਜਾਇਬ ਹੁੰਦਲ (ਗੱਲ ਜਦੋਂ ਤੁਰੀ) ਅਤੇ ਸਵਰਨਜੀਤ ਸਵੀ (ਦਰਦ ਪਿਆਦੇ ਹੋਣ ਦਾ) ਨਾਮ ਵਿਸ਼ੇਸ਼ ਰੂਪ ਵਿਚ ਲਿਆ ਜਾ ਸਕਦਾ ਹੈ। ਇਨ੍ਹਾਂ ਤੋਂ ਬਿਨਾਂ ਡਾ. ਹਰਿਭਜਨ ਸਿੰਘ, ਤਾਰਾ ਸਿੰਘ, ਸੰਤੋਖ ਸਿੰਘ ਧੀਰ, ਸੁਰਜੀਤ ਪਾਤਰ, ਰਵਿੰਦਰ ਰਵੀ, ਇਕਬਾਲ ਰਾਮੂਵਾਲੀਆ, ਮਨਜੀਤ ਇੰਦਰਾ, ਡਾ. ਐਸ. ਤਰਸੇਮ, ਹਰਭਜਨ ਸਿੰਘ ਹਲਵਾਰਵੀ, ਜੋਗਾ ਸਿੰਘ ਅਤੇ ਲੋਕਨਾਥ ਵਰਗੇ ਕਵੀਆਂ ਦੀਆਂ ਰਚਨਾਵਾਂ ਵਿਚੋਂ ਵੀ ਪੰਜਾਬ-ਸੰਤਾਪ ਦੀ ਭਾਵਨਾ ਉਜਾਗਰ ਰੂਪ ਵਿਚ ਅਭਿਵਿਅਕਤ ਹੋਈ ਹੈ। ਪੰਜਾਬ-ਸੰਤਾਪ ਨਾਲ ਸੰਬੰਧਿਤ ਕੁਝ ਕਵਿਤਾਵਾਂ ਦਾ ਮੁਹਾਵਰਾ



ਅਤੇ ਵਿਚਾਰਧਾਰਕ ਪੈਂਤੜਾ ਦੇਖੋ :

ਚੰਡੀਗੜ੍ਹ ਦੇ ਬਾਗ਼ 'ਚ ਜੀਕਣ ਖੁਸ਼ਬੋਹੀਣ ਗੁਲਾਬ ਹੈ।
ਮੈਨੂੰ ਅਜ ਕਲ੍ਹ ਏਦਾਂ ਜਾਪੇ ਆਪਣਾ ਦੇਸ ਪੰਜਾਬ ਹੈ।
ਪਾਟੀਆਂ ਲੀਰਾਂ ਵਾਂਗ ਰੁਲੇਗਾ ਇਹਦਾ ਵਰਕਾ ਵਰਕਾ ਵੀ,
ਸਾਂਝ ਭਰੱਪਣ ਵਾਲੀ ਇਹ ਜੋ ਹੱਥਾਂ ਵਿਚ ਕਿਤਾਬ ਹੈ।
ਮੋਢਿਆਂ ਨਾਲੋਂ ਛਾਂਗੀਆਂ ਬਾਹਾਂ ਬੇ-ਸਿਰ, ਪੈਰ-ਵਿਹੂਣੇ ਲੋਕ,
ਰੋਜ਼ ਰਾਤ ਨੂੰ ਅਜ ਕਲ੍ਹ ਮੈਨੂੰ ਦਿਸਦਾ ਏਹੀ ਖ਼ਾਬ ਹੈ।
ਕਿਹੜਾ ਮਾਲੀ ਐਸੀ ਡਾਲੀ ਫਿਰ ਲਾਵੇਗਾ ਘਰ ਸਾਡੇ,
ਜਿਸਦੀ ਖੁਸ਼ਬੋ ਆਪ ਕਹੇਗੀ ਇਹ ਸਾਡਾ ਪੰਜਾਬ ਹੈ।

(ਹਰਭਜਨ ਗਿਲ)

ਇਕ ਵੀ ਨਾ ਸੂਹਾ ਸਾਲੂ
ਵਿਕ ਰਿਹਾ ਬਾਜ਼ਾਰ ਵਿਚ
ਦਰਜ਼ੀ ਸਾਰੇ ਸੀਣ ਵਿਚ
ਮਸਰੂਫ਼ ਨੇ ਚਿੱਟੇ ਕਫਨ।

(ਐਸ. ਤਰਸੇਮ)

ਸਭ ਪਾਸੀਂ
ਕਬਰਾਂ ਨੇ ਸ਼ਮਸ਼ਾਨ ਨੇ
ਤੇ ਰੋਂਦੀਆਂ ਰੂਹਾਂ ਨੇ
ਅੱਡੀਆਂ ਪੀੜ ਨਾਲ ਕਰਾਹ ਰਹੀਆਂ ਨੇ
ਧਰਤੀ ਹੁਣ
ਉਨ੍ਹਾਂ ਦੀ ਧਮਕ ਨਾਲ ਨਹੀਂ
—ਆਹਾਂ ਨਾਲ ਕੰਬਦੀ ਹੈ।

(ਸਵਰਨਜੀਵ ਸਵੀ)

ਅਹਿ ਕੀ ਸਹਿਮ ਜਿਹਾ ਘੁੰਮਦਾ ਹੈ, ਸਾਡੇ ਆਲੇ ਦੁਆਲੇ
ਅਹਿ ਫਨੀਅਰ ਮੇਰੇ ਦਰਵਾਜ਼ੇ ਕਿਸੇ ਨੇ ਆਣ ਬਹਾਲੇ ?
ਇਸ ਮਿੱਟੀ ਨੂੰ ਕਿਸੇ ਚੰਦਰੇ ਟੂਣਾ ਕੀਤਾ ਹੋਇਆ
ਵਰ੍ਹਿਆਂ ਤੋਂ ਹੀ ਰੁੱਸੇ ਹੋਏ, ਇਹਦੇ ਨਾਲ ਉਜਾਲੇ।

(ਹਰਭਜਨ ਸਿੰਘ ਹੁੰਦਲ)

ਉਹ ਆਖਰ ਕੌਣ ਨੇ ਜੋ
ਸ਼ਾਮ ਪੈਂਦੇ ਸਾਰ ਹੀ
ਸਾਡੇ ਘਰਾਂ ਵਿਚ ਆ ਧਮਕਦੇ ਨੇ
ਉਹ ਧੱਕੇ ਦੇ ਪਰਾਹੁਣੇ

ਹਰ ਤਰ੍ਹਾਂ ਦੀ ਜ਼ਬਰਦਸਤੀ ਤੇ ਉਤਰ ਆਉਂਦੇ
ਕੋਈ ਸਾਡੀ ਬਹੂ ਬੇਟੀ
ਨਹੀਂ ਮਹਿਫੂਜ਼ ਸਾਡੇ ਹੀ ਘਰਾਂ ਅੰਦਰ
ਜਦੋਂ ਲੋਈ-ਫਟੇ ਉਹ ਜ਼ਬਰਦਸਤੀ ਦੇ ਪਰਾਹੁਣੇ
ਤੁਰਨ ਲਗਦੇ ਨੇ
ਤਾਂ ਬਾਬਰ ਵਾਂਗ ਜ਼ੋਰੀਂ ਦਾਨ ਮੰਗਦੇ ਨੇ।
ਜਦੋਂ ਰੱਸਾ ਕੁ ਭਰ ਸੂਰਜ ਚੜ੍ਹੇ
ਚੁਲ੍ਹੇ 'ਚ ਅੱਗ ਪਾਉਂਦੀ ਬਹੂ-ਬੇਟੀ ਕੋਈ
ਤਾਂ ਇੰਜ ਲਗਦੈ
ਕਿ ਸਾਡੀ ਮਰ ਗਈ ਮਰਦਾਨਗੀ ਨੂੰ
ਕੌੜਾ ਵੱਟਾ ਦੇਣ ਲਗੀ ਹੈ
ਮਗਰ ਚੁਲ੍ਹੇ ਦਾ ਧੂੰ ਹਾਲੇ
ਮੰਡੇਰਾਂ ਵੀ ਨਹੀਂ ਟੱਪਦਾ
ਤੇ ਧੱਕੇ ਦੇ ਪਰਾਹੁਣੇ
ਫੇਰ ਬਾਵਰਦੀ ਨੇ ਆ ਜਾਂਦੇ
ਜਿੰਨ੍ਹਾਂ ਦੇ ਹੱਥ
ਹਿਫ਼ਾਜ਼ਤ ਕਰਨ ਦੀ ਥਾਂ
ਸਾਡੀਆਂ ਜੇਬਾਂ
ਜਾਂ ਬੱਗੀਆਂ ਦਾੜ੍ਹੀਆਂ ਤੇ ਆਣ ਪੈਂਦੇ ਨੇ।

(ਜਗਤਾਰ)

ਉਪਰੋਕਤ ਕਾਵਿ ਟੁਕੜੀਆਂ ਵਿਚ ਪੰਜਾਬ ਦੇ ਸੰਤਾਪ ਨਾਲ ਸੰਬੰਧਿਤ ਵੇਰਵਿਆਂ ਨੂੰ ਕਵਿਤਾ ਦੀ ਵੱਥ ਵਜੋਂ ਰੂਪਮਾਨ ਕੀਤਾ ਗਿਆ ਹੈ। ਕਾਵਿ-ਵੱਥ ਨੂੰ ਕਾਵਿ-ਕੱਥ ਵਿਚ ਰੂਪਾਂਤਰਿਤ ਕਰਨ ਵਾਸਤੇ ਕਵੀ ਵਿਵੇਕ ਦਾ ਜੋ ਪੈਂਤੜਾ ਅਪਨਾਉਂਦੇ ਹਨ, ਉਹ ਮਾਨ-ਵਤਾਵਾਦੀ ਹੈ। ਇਸ ਦਹਾਕੇ ਦੇ ਪੰਜਾਬੀ ਕਵੀ, ਪਿਛਲੇ ਦਹਾਕਿਆਂ ਵਿਚ ਰਚੀ ਗਈ ਪੰਜਾਬੀ ਕਵਿਤਾ ਦੀ ਪਰੰਪਰਾ ਦਾ ਅਨੁਸਰਣ ਕਰਦੇ ਜਾਪਦੇ ਹਨ। ਪ੍ਰੰਤੂ ਇਸ ਦਹਾਕੇ ਵਿਚ ਰਚੀ ਗਈ ਪੰਜਾਬੀ ਕਵਿਤਾ ਦਾ ਪਿਛਲੀ ਕਵਿਤਾ ਨਾਲੋਂ ਬੁਨਿਆਦੀ ਫਰਕ ਇਹ ਹੈ ਕਿ ਨਵੀਂ ਕਵਿਤਾ ਵਿਚ ਅਸਮਰਥਾ ਅਤੇ ਬੇਬਸੀ ਦੇ ਭਾਵ ਅਗ੍ਰਭੂਮੀ ਵਿਚ ਆ ਗਏ ਹਨ, ਦ੍ਰਿੜਤਾ, ਦਲੇਰੀ ਅਤੇ ਦਹਾੜ ਪ੍ਰਿਸ਼ਠ-ਭੂਮੀ ਵਿਚ ਚਲੀਆਂ ਗਈਆਂ ਹਨ। ਪਿਛਲੇ ਹਰ ਦਹਾਕੇ ਵਿਚ ਇਕ ਜਾਂ ਵੱਧ ਕਵੀਆਂ ਨੇ ਸਮੁਚੀ ਕਵਿਤਾ ਦੀ ਵਾਗਡੋਰ ਨੂੰ ਆਪਣੇ ਹੱਥਾਂ ਵਿਚ ਸੰਭਾਲੀ ਰੱਖਿਆ ਹੈ। ਛੇਵੇਂ ਦਹਾਕੇ ਵਿਚ ਪ੍ਰੋ. ਮੋਹਨ ਸਿਘ, ਅੰਮ੍ਰਿਤਾ ਪ੍ਰੀਤਮ, ਬਾਵਾ ਬਲਵੰਤ ਅਤੇ ਸੰਤੋਖ ਸਿੰਘ ਧੀਰ੍ ਆਦਿਕ ਕਵੀਆਂ ਨੇ, ਸਤਵੇਂ ਦਹਾਕੇ ਵਿਚ ਡਾ. ਹਰਿਭਜਨ ਸਿੰਘ, ਅਜਾਇਬ ਕਮਲ, ਰਵਿੰਦਰ ਰਵੀ ਅਤੇ ਮੀਸ਼ਾ ਵਰਗੇ ਕਵੀਆਂ



ਨੇ, ਅੱਠਵੇਂ ਦਹਾਕ ਵਿਚ ਜਗਤਾਰ, ਪਾਸ਼, ਦਰਸ਼ਨ ਖਟਕੜ, ਅਮਰਜੀਤ ਚੰਦਨ ਅਤੇ ਲੋਕ ਨਾਥ ਵਰਗੇ ਕਵੀਆਂ ਨੇ ਆਪਣੀਆਂ-ਆਪਣੀਆਂ ਮਾਨਤਾਵਾਂ ਉਤੇ ਡਟ ਕੇ ਪਹਿਰਾ ਦਿਤਾ ਅਤੇ ਆਪਣੀਆਂ ਕਵਿਤਾਵਾਂ ਦੇ ਮਾਧਿਅਮ ਦੁਆਰਾ ਸਮਾਜ ਅਤੇ ਵਿਅਕਤੀ ਦੇ ਸਬੰਧਾਂ ਨੂੰ ਨਿਸ਼ਚਿਤ ਕਰਨ ਵਿਚ ਮੂਲਪਰਕ ਭੂਮਿਕਾ ਨਿਭਾਈ। ਛੇਵੇਂ ਦਹਾਕੇ ਦੀ ਪੰਜਾਬੀ ਕਵਿਤਾ ਦਾ ਮੁਖ ਸੁਰ 'ਵੰਗਾਰ ਸੀ, ਸੱਤਵੇਂ ਦਹਾਕੇ ਵਿਚ 'ਅਸਵੀਕਾਰ' ਅਤੇ ਅਠਵੇਂ ਦਹਾਕੇ ਵਿਚ 'ਦਹਾੜ' ਸਾਡੀ ਕਵਿਤਾ ਦੇ ਪ੍ਰਮੁਖ ਸੁਰ ਬਣੇ। ਪ੍ਰੰਤੂ ਨੌਵੇਂ ਦਹਾਕੇ ਵਿਚ 'ਅਰਜ਼ੋਈ' ਜਾਂ ਵਿਰਲਾਪ ਪੰਜਾਬੀ ਕਾਵਿ ਦੇ ਕੇਂਦਰੀ ਸੁਰ ਬਣੇ ਰਹੇ ਹਨ। ਹਾਲ ਹੀ ਵਿਚ ਪ੍ਰਕਾਸ਼ਿਤ ਹੋਏ ਸੁਰਜੀਤ ਪਾਤਰ ਦੇ ਕਾਵਿ ਸੰਗ੍ਰਹਿ 'ਬਿਰਖ ਅਰਜ਼ ਕਰੇ' ਵਿਚ ਇਸੇ ਸੁਰ ਦੀ ਅਭਿਵਿਅਕਤੀ ਦ੍ਰਿਸ਼ਟੀਗੋਚਰ ਹੁੰਦੀ ਹੈ। ਇਸ ਪ੍ਰਸੰਗ ਵਿਚ ਇਸ ਸੰਗ੍ਰਹਿ ਦੀ ਪ੍ਰਥਮ ਕਵਿਤਾ ਦੇਖੋ :

ਇਕ ਲਰਜ਼ਦਾ ਨੀਰ ਸੀ
ਉਹ ਮਰ ਕੇ ਪੱਥਰ ਹੋ ਗਿਆ
ਦੂਸਰਾ ਇਸ ਹਾਦਸੇ ਤੋਂ
ਡਰ ਕੇ ਪੱਥਰ ਹੋ ਗਿਆ
ਤੀਸਰਾ ਇਸ ਹਾਦਸੇ ਨੂੰ
ਕਰਨ ਲੱਗਾ ਸੀ ਬਿਆਨ
ਉਹ ਕਿਸੇ ਪੱਥਰ ਦੇ ਘੂਰਨ ਕਰਕੇ ਪੱਥਰ ਹੋ ਗਿਆ
ਇਕ ਸ਼ਾਇਰ ਬਚ ਰਿਹਾ
ਸੰਵੇਦਨਾ ਸੰਗ ਲਰਜ਼ਦਾ
ਏਨੇ ਪੱਥਰ
ਉਹ ਤਾਂ ਗਿਣਤੀ ਕਰਕੇ ਪੱਥਰ ਹੋ ਗਿਆ।

(ਇਕ ਲਰਜ਼ਦਾ ਨੀਰ ਸੀ)

ਸੁਰਜੀਤ ਪਾਤਰ ਇਸ ਦੌਰ ਵਿਚ ਰਚੀ ਗਈ ਪੰਜਾਬੀ ਕਵਿਤਾ ਦੀ ਪ੍ਰਤੀਨਿਧਤਾ ਕਰਦਾ ਹੈ। ਉਹ ਇਸ ਦਹਾਕੇ ਵਿਚ ਸਮਾਜਕ-ਰਾਜਨੈਤਿਕ ਦਬਾਵਾਂ ਦੇ ਅਧੀਨ ਹੋਂਦ ਵਿਚ ਆਈ ਪੰਜਾਬੀ ਮਾਨਸਿਕਤਾ ਦਾ ਪ੍ਰਤੀਕ ਹੈ। ਇਸ ਦਹਾਕੇ ਵਿਚ ਪੰਜਾਬੀ ਮਾਨ-ਸਿਕਤਾ ਠਠੰਬਰੀ ਅਤੇ ਘਬਰਾਈ ਜਹੀ ਰਹੀ ਹੈ। ਸਾਕਾ ਨੀਲਾ ਤਾਰਾ (1984) ਅਤੇ ਉਸੇ ਵਰ੍ਹੇ ਅਕਤੂਬਰ-ਨਵੰਬਰ ਵਿਚ ਭਾਰਤ ਦੇ ਪ੍ਰਮੁਖ ਸ਼ਹਿਰਾਂ ਵਿਚ ਹੋਣ ਵਾਲੇ ਸਿੱਖ-ਵਿਰੋਧੀ ਦੰਗਿਆਂ, ਅੱਤਵਾਦੀ ਐਕਸ਼ਨਾਂ ਅਤੇ ਪੁਲੀਸ ਦੀ ਤਾਨਾਸ਼ਾਹੀ ਦੇ ਫਲ-ਸਰੂਪ ਸਮੁੱਚੀ ਪੰਜਾਬੀ ਮਾਨਸਿਕਤਾ ਵਿਰਲਾਪ ਦੀ ਮੁਦਰਾ ਅਖ਼ਤਿਆਰ ਕਰੀ ਬੈਠੀ ਹੈ। ਇਕ ਅਗਿਆਤ ਕਿਸਮ ਦਾ ਭੈਅ ਹਰ ਪੰਜਾਬੀ ਦੇ ਰਗ-ਰੇਸ਼ੇ ਵਿਚ ਸਮਾ ਚੁੱਕਾ ਹੈ ਜਿਸ ਨੇ ਉਸਦੇ ਪੁਰਖਤਵ ਅਤੇ ਰਵਾਇਤੀ ਬਹਾਦਰੀ ਨੂੰ ਨਿਪੁੰਸਕ ਬਣਾ ਛੱਡਿਆ ਹੈ। ਸੁਰਜੀਤ ਪਾਤਰ ਨੇ ਇਸ ਭੈ-ਜਨਕ ਅਤੇ ਭਿਆਨਕ ਸਥਿਤੀ ਦਾ ਨਿਰੂਪਣ ਕਰਕੇ ਇਸ ਦਹਾਕੇ

ਦੀ ਕਵਿਤਾ ਉਤੇ ਆਪਣੇ ਹਸਤਾਖ਼ਰ ਸਥਾਪਿਤ ਕਰ ਲਏ ਹਨ। ਉਸਦੀ ਕਵਿਤਾ ਪ੍ਰਗਤੀ-ਵਾਦੀ ਜਾਂ ਪ੍ਰਤੀਬੱਧ ਭਾਵੇਂ ਹੋਵੇ ਜਾਂ ਨਾ ਹੋਵੇ, ਵਾਸਤਵਿਕ ਜ਼ਰੂਰ ਹੈ।

ਇਸ ਦਹਾਕੇ ਵਿਚ ਪੈਦਾ ਹੋਈ ਪੰਜਾਬੀ ਕਵਿਤਾ ਦਾ ਇਕ ਹੋਰ ਪ੍ਰਮੁੱਖ ਲੱਛਣ, ਉੱਤਰ ਆਧੁਨਿਕਵਾਦੀ ਭਾਵਬੋਧ ਦਾ ਅਭਿਵਿਅੰਜਨ ਕਰਨਾ ਹੈ। ਉੱਤਰ-ਅ ਧੁਨਿਕਵਾਦੀ ਭਾਵਬੋਧ ਬਹੁ ਕੌਮੀ ਪੂੰਜੀਵਾਦੀ (ਮਲਟੀਨੈਸ਼ਨਲ ਕੈਪੀਟਲਿਜ਼ਮ) ਹਰੀ ਕ੍ਰਾਂਤੀ ਅਤੇ ਅਤੇ ਇਲੈਕਟ੍ਰਾਨਿਕ ਮੀਡੀਆ ਦੇ ਪ੍ਰਭਾਵ ਅਧੀਨ ਹੋਂਦ ਵਿਚ ਆਈ ਇਕ ਨਵੀਨ ਜੀਵਨ-ਸ਼ੈਲੀ ਵਿਚੋਂ ਉਤਪੰਨ ਹੋਇਆ ਹੈ। ਇਸ ਦਾ ਇਕ ਪ੍ਰਮੁਖ ਪਹਿਚਾਣ ਬਿੰਦੂ ਵਿਸ਼ਿਸ਼ਟ ਸੰਸਕ੍ਰਿਤੀ (High brow culture) ਅਤੇ ਜਨ-ਸੰਸਕ੍ਰਿਤੀ (Mass-culture) ਵਿਚਲੀ ਵਿਭਾਜਨ-ਰੇਖਾ ਨੂੰ ਮਿਟਾ ਦੇਣਾ ਹੈ। ਆਧੁਨਿਕਤਾਵਾਦ ਵਿਚ ਪਾਊਂਡ, ਜਾਇਸ, ਐਲੀਅਟ, ਸਤਰਾਂਵਿਸਕੀ, ਪਿਕਾਸੋ ਆਦਿ ਬਾਰੇ ਗੱਲ ਕਰਨਾ ਫੈਸ਼ਨ ਸਮਝਿਆ ਜਾਂਦਾ ਸੀ। ਆਧੁਨਿਕਤਾਵਾਦੀ ਚਿੰਤਕ 'ਪਾਪੂਲਰ ਕਲਚਰ' ਨਾਲ ਸੰਬੰਧਿਤ ਕਲਾਵਾਂ ਨੂੰ ਤ੍ਰਿਸਕਾਰ ਦੀ ਭਾਵਨਾ ਨਾਲ ਦੇਖਦੇ ਸਨ। ਭਾਰਤੀ ਸਾਹਿਤ ਦੇ ਪਰਿਵੇਸ਼ ਵਿਚ ਵਿਜੇ ਤੇਂਦੁਲਕਰ, ਬਾਦਲ ਸਰਕਾਰ, ਅਗੇਯ, ਡਾ: ਧਰਮਵੀਰ ਭਾਰਤੀ, ਮੋਹਨ ਰਾਕੇਸ਼ ਅਤੇ ਗਿਰੀਸ਼ ਕਾਰਨਾਡ ਵਰਗੇ ਨਾਮ ਆਧੁਨਿਕਤਾਵਾਦ ਦੇ ਪ੍ਰਤੀਕ ਮੰਨੇ ਜਾਂਦੇ ਸਨ। ਇਹਨਾਂ ਕਲਾਕਾਰਾਂ ਨੇ ਆਪਣੇ-ਆਪਣੇ ਖੇਤਰ ਵਿਚ ਮਾਧਿਅਮ ਨਾਲ ਸੰਘਰਸ਼ ਕਰਕੇ ਅਭਿਵਿਅੰਜਨਾਂ ਦੀਆਂ ਨਵੀਆਂ ਵਿਧੀਆਂ ਅਤੇ ਸ਼ੈਲੀਆਂ ਨੂੰ ਜਨਮ ਦਿੱਤਾ ਸੀ। ਪੰਜਾਬੀ ਸਾਹਿਤ ਦੇ ਪ੍ਰਸੰਗ ਵਿਚ ਪ੍ਰੋ: ਮੋਹਨ ਸਿੰਘ, ਡਾ: ਹਰਿਭਜਨ ਸਿੰਘ, ਹਰਨਾਮ, ਸਤਿ ਕੁਮਾਰ, ਤਾਰਾ ਸਿੰਘ ਅਤੇ ਜਸਬੀਰ ਸਿੰਘ ਆਹਲੂਵਾਲੀਆ ਵਰਗੇ ਨਾਮ ਆਧੁਨਿਕਤਾਵਾਦ ਦੇ ਪ੍ਰਤੀਕ ਸਨ। ਇਹਨਾਂ ਦੀ ਹਾਜ਼ਰੀ ਵਿਚ ਬਾਬੂ ਸਿੰਘ ਮਾਨ, ਗੁਰਦਾਸ ਮਾਨ ਜਾਂ ਦੇਵ ਥਰੀਕਿਆਂ ਵਾਲੇ ਦੀ ਗੱਲ ਕਰਨੀ ਅਸੰਭਵ ਅਤੇ ਸ਼ਰਮਨਾਕ ਪ੍ਰਤੀਕ ਹੁੰਦੀ ਸੀ। ਪਰੰਤੂ ਇਲੈੱਕਟ੍ਰਾਨਿਕ ਮਾਧਿਅਮਾਂ ਦੀ ਚਮਕ-ਦਮਕ ਹਰੀ ਕ੍ਰਾਂਤੀ ਦੁਆਰਾ ਆਏ ਵਾਫ਼ਰ ਪੈਸੇ ਨੇ ਪਾਪੂਲਰ ਕਲਾ ਨੂੰ ਵੀ ਕੇਂਦਰੀ ਮੰਚ ਉੱਤੇ ਲੈ ਆਂਦਾ ਹੈ। 1970 ਤੋਂ ਬਾਅਦ ਪੈਦਾ ਹੋਈ ਪੀੜ੍ਹੀ ਲਈ ਆਧੁਨਿਕਵਾਦੀ ਕਲਾ ਦੇ ਸਿਰਜਕ ਕੋਈ ਵਿਸ਼ੇਸ਼ ਅਰਥ ਨਹੀਂ ਰੱਖਦੇ। ਇਸ ਪੀੜ੍ਹੀ ਲਈ ਮੈਡੋਨਾ, ਮਾਈਕਲ ਜੈਕਸਨ, ਜਾਰਜ ਮਾਈਕਲ, ਆਲੀਸ਼ਾ ਅਤੇ ਹੰਸ ਰਾਜ ਹੰਸ ਵਰਗੇ ਨਾਮ ਹੀ 'ਕਲਾ' ਚੇ ਪ੍ਰਤੀਕ ਬਣੇ ਹੋਏ ਹਨ। ਅੱਜ ਜਿਹੜੇ ਟੀ. ਵੀ. ਸੀਰੀਅਲ ਬੁਧੀਜੀਵੀਆਂ ਨੂੰ ਪਸੰਦ ਹਨ, ਉਹੀ ਆਮ ਆਦਮੀ ਦਾ ਕਰੇਜ਼ ਬਣੇ ਹੋਏ ਹਨ। ਉੱਤਰ-ਆਧੁਨਿਕਤਾਵਾਦ ਨੇ ਪਸੰਦ ਨਾ ਪਸੰਦ ਵਿਚਲੀ ਦੁਫੇੜ/ਖਾਈ ਖਤਮ ਕਰਕੇ ਹਰ ਇਕ ਨੂੰ 'ਇਕੋ' ਮਾਨਸਿਕਤਾ ਉੱਪਰ ਲੈ ਆਂਦਾ ਹੈ। ਸੁਰਜੀਤ ਪਾਤਰ ਦੇ ਨਾਮ ਦਾ ਜ਼ਿਕਰ ਇਸ ਪ੍ਰਸੰਗ ਵਿਚ ਵੀ ਕਰਨਾ ਬਣਦਾ ਹੈ ਕਿਉਂਕਿ ਉਸ ਦੀਆਂ ਨਜ਼ਮਾਂ ਬੁਧੀਜੀਵੀਆਂ ਅਤੇ ਅਵਾਮ ਦੋਹਾਂ ਦੀ ਭਾਵੁਕ ਤ੍ਰਿਪਤੀ ਦਾ ਸਾਂਝਾ ਮਾਧਿਅਮ ਬਣਦੀਆਂ ਹਨ।

ਉੱਪਰ ਮੈਂ ਆਧੁਨਿਕਤਾਵਾਦੀ ਕਲਾ ਦੇ ਪ੍ਰਸੰਗ ਵਿਚ ਅਭਿਵਿਅਕਤੀ ਦੀਆਂ ਜਟਿਲ ਅਤੇ ਮੌਲਿਕ ਵਿਧੀਆਂ ਵੱਲ ਸੰਕੇਤ ਕੀਤਾ ਸੀ। ਆਧੁਨਿਕਤਾਵਾਦੀ ਸਾਹਿਤਕਾਰਾਂ



ਵਿਸ਼ੇਸ਼ ਕਰ ਪਾਊਂਡ ਏਲੀਅਟ, ਆਡਨ, ਬੈਕੇਟ, ਇਆਨੈਸਕੋ ਆਦਿਕ ਨੇ ਇਹੋ ਜਹੀ ਸ਼ੈਲੀ ਦਾ ਨਿਰਮਾਣ ਕਰ ਲਿਆ ਸੀ ਜੋ ਆਪਣੇ ਆਪ ਵਿਚ ਅਦੁੱਤੀ ਤੇ ਵਿਸ਼ੇਸ਼ ਸੀ। ਇਸ ਨੂੰ ਪਹਿਚਾਨਣ ਤੋਂ ਬਾਅਦ ਇਹ ਭੁਲੇਖਾ ਲੱਗਣ ਦੀ ਗੁੰਜਾਇਸ਼ ਬੜੀ ਘੱਟ ਹੁੰਦੀ ਸੀ ਕਿ ਇਹ ਲਿਖਤ 'ਕਿਸੇ' ਸਾਹਿਤਕਾਰ ਦੀ ਹੈ। ਪੰਜਾਬੀ ਸਾਹਿਤ ਦੇ ਪ੍ਰਸੰਗ ਵਿਚ ਇਹ ਗੱਲ ਪ੍ਰੋ: ਮੋਹਨ ਸਿੰਘ, ਬਾਵਾ ਬਲਵੰਤ ਅਤੇ ਪ੍ਰੀਤਮ ਸਿੰਘ ਸਫ਼ੀਰ ਵਰਗੇ ਲੇਖਕਾਂ ਉੱਤੇ ਪੂਰੀ ਤਰ੍ਹਾਂ ਢੁੱਕਦੀ ਹੈ। ਇਹਨਾਂ ਦੀ ਲਿਖਤ ਹੋਰ ਸੈਂਕੜੇ ਲਿਖਤਾਂ ਵਿਚੋਂ ਇਕਦਮ ਪਹਿਚਾਣੀ ਜਾ ਸਕਦੀ ਹੈ। ਪਰੰਤੂ ਉੱਤਰ-ਆਧੁਨਿਕਤਾਵਾਦ ਸ਼ੈਲੀ ਦੀ ਵਿਅਕਤਿਕਤਾ ਤੋਂ ਉਪਰਾਮ ਹੈ। ਅਜੋਕੇ ਸਮਾਜਿਕ-ਸਭਿਆਚਾਰਕ ਪ੍ਰਸੰਗ ਵਿਚ ਲੋਕ, ਭਾਸ਼ਾ ਦੇ ਪ੍ਰਮਾਣਿਕ ਅਤੇ ਸਮਾਜਿਕ ਸਰੂਪ ਵਿਚ ਵਿਸ਼ਵਾਸ ਨਹੀਂ ਰੱਖਦੇ। ਹਰ ਕਿੱਤੇ ਨਾਲ ਜੁੜੇ ਲੋਕਾਂ ਦੇ ਵੱਖਰੇ-ਵੱਖਰੇ ਭਾਸ਼ਾਈ ਕੋਡ ਹਨ। ਇਸ ਸਥਿਤੀ ਵਿਚ ਕਿਸੇ ਵਿਅਕਤੀਗਤ ਸ਼ੈਲੀ ਦੀ ਤਲਾਸ਼ ਕਰਨੀ ਅਸੰਭਵ ਪ੍ਰਤੀਤ ਹੁੰਦੀ ਹੈ। ਸੋ ਉੱਤਰ-ਆਧੁਨਿਕਵਾਦੀ ਲੇਖਕ, ਆਧੁਨਿਕ ਸਾਹਿਤ ਦੇ ਵਿਸ਼ਿਸ਼ਟ ਹਸਤਾਖ਼ਰਾਂ ਦੀ ਸ਼ੈਲੀ ਅਤੇ ਕਾਵਿ-ਜੁਗਤਾਂ ਦੀ ਨਕਲਨੁਮਾ ਪੈਰੋਡੀ ਕਰਨ ਲੱਗਦੇ ਹਨ। ਕੇਵਲ 'ਪੈਰੋਡੀ' ਨਹੀਂ ਨਕਲ ਨੁਮਾ ਪੈਰੋਡੀ। ਕਿਉਂਕਿ ਪੈਰੋਡੀ ਵਿਚ ਵਿਅੰਗ ਅਤੇ ਕਿਸੇ ਹੱਦ ਤੱਕ ਹਮਦਰਦੀ ਦੇ ਭਾਵ ਵੀ ਛਿਪੇ ਰਹਿੰਦੇ ਹਨ। ਪਾਸ਼ ਨੇ ਆਪਣੀਆਂ ਕਵਿਤਾਵਾਂ ਵਿਚ ਅਜਿਹੀ ਵਿਧੀ ਦਾ ਇਸਤੇਮਾਲ ਸਭ ਤੋਂ ਪਹਿਲਾਂ ਕੀਤਾ। 'ਇਹ ਚਿੜੀਆਂ ਦਾ ਚੰਬਾ ਉੱਡ ਕੇ ਕਿਤੇ ਨਹੀਂ ਜਾਵੇਗਾ' ਅਤੇ ਹੋਰ ਬਹੁਤ ਸਾਰੀਆਂ ਕਵਿਤਾਵਾਂ ਵਿਚ ਉਸ ਨੇ ਕਾਵਿ-ਸ਼ੈਲੀ ਦੇ ਪ੍ਰਚੱਲਿਤ ਅਤੇ ਪ੍ਰਸਿੱਧ ਮੁਹਾਵਰੇ ਦਾ ਪੁਨਰ-ਲੇਖਣ ਕੀਤਾ ਹੈ। ਸਵਰਨਜੀਤ ਸਵੀ, ਅਮਰਜੀਤ ਕੌਂਕੇ, ਦਰਸ਼ਨ ਦਰਵੇਸ਼, ਅਮਰਦੀਪ ਸਿੰਘ ਗਿੱਲ ਆਦਿਕ ਬਹੁਤ ਸਾਰੇ ਨਵੇਂ ਕਵੀ ਭਾਸ਼ਾ ਅਤੇ ਸ਼ੈਲੀ ਦਾ ਕੋਈ ਵਿਅਕਤੀਗਤ ਮੁਹਾਵਰਾ ਸਿਰਜਣ ਦੀ ਬਜਾਇ ਪੂਰਵਵਰਤੀ ਸ਼ੈਲੀਆਂ ਦਾ ਪੁਨਰ-ਲੇਖਣ ਕਰ ਰਹੇ ਹਨ।

ਅੱਠਵੇਂ ਦਹਾਕੇ ਦੀ ਪੰਜਾਬੀ ਕਵਿਤਾ ਦੇ ਵਿਕਾਸ ਵਿਚ ਨਾਰੀ-ਲੇਖਕਾਵਾਂ ਨੇ ਵੀ ਵਿਸ਼ੇਸ਼ ਯੋਗਦਾਨ ਦਿੱਤਾ ਹੈ। ਮਨਜੀਤ ਟਿਵਾਣਾ, ਮਨਜੀਤ ਪਾਲ ਕੌਰ, ਮਨਜੀਤ ਇੰਦਰਾ, ਪਾਲ ਕੌਰ ਅਤੇ ਸੁਰਜੀਤ ਸਖੀ ਵਰਗੀਆਂ ਕਵਿਤਰੀਆਂ ਇਸ ਦੌਰ ਵਿਚ ਕਾਫੀ ਕਰਮਸ਼ੀਲ ਰਹੀਆਂ ਹਨ। ਇਹਨਾਂ ਕਵਿਤਰੀਆਂ ਨੇ ਆਪਣੇ ਇਸਤ੍ਰੀਤਵ ਨੂੰ ਲੁਕੋਣ ਜਾਂ ਰਹੱਸਮਈ ਬਨਾਉਣ ਦੀ ਚੇਸ਼ਟਾ ਨਹੀਂ ਕੀਤੀ ਅਤੇ ਨਾ ਹੀ ਇਸਤਰੀ ਦੀ ਹੋਂਦ ਨੂੰ ਤਰਸ ਦੀ ਪਾਤਰ ਬਣਾ ਕੇ ਪੇਸ਼ ਕੀਤਾ ਹੈ। ਬਲਕਿ ਇਸਤ੍ਰੀਤਵ ਨੂੰ ਵੱਧ ਤੋਂ ਵੱਧ ਉਭਾਰਿਆ ਹੈ ਅਤੇ ਇਸਤਰੀ ਦੀਆਂ ਉਮੰਗਾਂ ਅਤੇ ਸੁਪਨਿਆਂ ਦੀ ਪੇਸ਼ਕਾਰੀ ਬੜੀ ਦਲੇਰੀ ਤੇ ਬੇਬਾਕੀ ਨਾਲ ਕੀਤੀ ਹੈ। ਇਹ ਇਸਤਰੀਆਂ ਕਨਜ਼ਿਊਮਰ ਸੋਸਾਇਟੀ ਦੇ ਤਕਾਜ਼ਿਆਂ ਤੋਂ ਸੁਪ੍ਰਿਚਿਤ ਹਨ। ਇਸ ਲਈ ਇਹਨਾਂ ਦੀਆਂ ਰਚਨਾਵਾਂ ਵਿਚ ਵਸਤੂ-ਸਾਮੱਗਰੀ ਦੀ ਪੇਸ਼ਕਾਰੀ ਚੌਂਕਾ ਦੇਣ ਵਾਲੇ (Shocking) ਅੰਦਾਜ਼ ਵਿਚ ਹੋਈ। ਇਸ ਪ੍ਰਸੰਗ ਵਿਚ ਕਵਿਤਰੀਆਂ

ਦੁਆਰਾ ਰਚੀਆਂ ਕਵਿਤਾਵਾਂ ਦੇ ਕੁਝ ਅੰਸ਼ ਦੇਖੋ:

ਕਾਲੀ ਘੋੜੀ
ਕਾਲੇ ਕੋਹ ਕੱਛਦੀ
ਇਸ ਤੱਕ
ਅੱਪੜੀ ਸੀ। ......
ਬੂਹੇ ਤੇ
ਕਾਲੇ ਕੱਪੜੇ ਪਹਿਨੀ
ਸੰਤਰੀ
ਕਾਲੀ ਚਮਕਦੀ
ਸ਼ਮਸ਼ੀਰ ਲਈ
ਤਣਿਆ ਖਲੋਤਾ ਸੀ
ਕਾਲੀ ਘੋੜੀ ਦੀ ਟਾਪ ਸੁਣ
ਮੰਤਰੀ ਅਦਬ ਨਾਲ
ਦੂਹਰਾ ਹੋਇਆ
ਤੇ ਕਾਲੇ ਦਰਵਾਜ਼ੇ ਦਾ
ਕਾਲਾ ਸਿੰਮ ਸਿੰਮ
ਕਾਲੀ ਗੁਫ਼ਾ ਬਣਿਆ
ਕਾਲੀ ਘੋੜੀ ਹਿਣਕੀ (ਕਾਲੀ ਘੋੜੀ)

ਤੂੰ ਮਿਲਦਾ ਹੈਂ ਜਦ ਵੀ
ਭੁੱਲ ਜਾਂਦੀ ਹਾਂ ਮੈਂ
ਸਮੇਂ ਦਾ ਹਰ ਨਕਸ਼
ਤੇ ਲੋਚਦੀ ਹਾਂ ਬਸ
ਬੰਜਰ ਏਸ ਧਰਤੀ ਨੂੰ
ਮਾਰ ਕੇ ਡੂੰਘਾ ਚੱਕ
ਚੱਬ ਕੇ ਚਿੱਥ ਕੇ
ਕਰ ਦਏਂ ਭੁਰਭੁਰੀ
ਸਾਵੀ ਮਿੱਟੀ (ਮਨਜੀਤ ਪਾਲ)

ਨੌਵੇਂ ਦਹਾਕੇ ਵਿਚ ਰਚੀ ਕਵਿਤਾ ਵਿਚ ਰੂਪਾਂ ਦੀ ਦ੍ਰਿਸ਼ਟੀ ਤੋਂ ਬੜੀ ਵੰਨ-ਸੁਵੰਨਤਾ ਹੈ। ਪਰੰਤੂ ਗ਼ਜ਼ਲ ਕਾਵਿ ਨੇ ਇਸ ਕਾਲ ਵਿਚ ਵਿਸ਼ੇਸ਼ ਪ੍ਰਗਤੀ ਕੀਤੀ। ਨਾ ਕੇਵਲ ਨਵੇਂ ਗ਼ਜ਼ਲਗੋਅ ਹੀ ਇਕ ਵੱਡੀ ਗਿਣਤੀ ਵਿਚ ਅੱਗੇ ਆਏ ਬਲਕਿ ਪੁਰਾਣੇ ਸਥਾਪਿਤ ਕਵੀ ਵੀ ਨਜ਼ਮ ਤੋਂ ਬੇਮੁੱਖ ਹੋ ਕੇ ਗ਼ਜ਼ਲ ਵੱਲ ਸੰਮੁੱਖ ਹੋ ਗਏ। ਪਹਿਲੇ-ਪਹਿਲ ਸਾਹਿਤ ਦੇ ਆਲੋਚਕਾਂ ਅਤੇ ਪੰਡਤਾਂ ਨੇ ਗ਼ਜ਼ਲ ਨੂੰ ਮਧਯੁਗੀਨ ਭਾਵਬੋਧ ਦਾ ਸੰਚਾਰ ਕਰਨ ਵਾਲੀ



ਇਕ ਪ੍ਰਤੀਗਾਮੀ ਸਿਨਫ਼ ਸਿੱਧ ਕਰਨ ਲਈ ਕਾਫੀ ਵਾਹ ਲਾਈ ਪਰੰਤੂ ਗ਼ਜ਼ਲ ਬੜੇ ਦ੍ਰਿੜ੍ਹ ਕਰਮਾਂ ਨਾਲ ਅੱਗੇ ਵੱਧਦੀ ਰਹੀ। ਸੁਰਜੀਤ ਪਾਤਰ, ਜਗਤਾਰ, ਰਣਧੀਰ ਸਿੰਘ ਚੰਦ, ਤਖ਼ਤ ਸਿੰਘ, ਗੁਰਦੇਵ ਨਿਰਧਨ, ਅਜਾਇਬ ਚਿੱਤਰਕਾਰ, ਹਰਭਜਨ ਹੁੰਦਲ, ਐਸ. ਤਰਸੇਮ, ਰਾਬਿੰਦਰ ਮਸਰੂਰ, ਸੁਰਜੀਤ ਸਖੀ, ਗੁਰਭਜਨ ਗਿੱਲ, ਕੁਲਵੰਤ ਜਗਰਾਉਂ, ਗੁਰਤੇਜ ਕੋਹਾਰਵਾਲਾ, ਹਰਭਜਨ ਹਲਵਾਰਵੀ ਅਤੇ ਤ੍ਰਿਲੋਕ ਆਨੰਦ ਵਰਗੇ ਬੇਸ਼ੁਮਾਰ ਲੋਕ ਗ਼ਜ਼ਲ ਕਾਵਿ ਵੱਲ ਰੁਚਿਤ ਹੋ ਗਏ। ਗ਼ਜ਼ਲ ਦੀ ਇਸ ਅਸਾਧਾਰਣ ਲੋਕਪ੍ਰਿਅਤਾ ਦੇ ਕਾਰਨ ਵੀ ਉੱਤਰ-ਆਧੁਨਿਕਤਾਵਾਦੀ ਸਮਾਜ ਦੀ ਬਣਤਰ ਵਿਚੋਂ ਲੱਭੇ ਜਾ ਸਕਦੇ ਹਨ। ਇਹ ਸਮਾਜ ਮੀਡੀਆ ਦੁਆਰਾ ਸੰਚਾਲਿਤ ਅਤੇ ਤ੍ਰਿਪਤ ਹੁੰਦਾ ਹੈ। ਗਾਇਕੀ, ਸੰਗੀਤ ਅਤੇ ਸ਼ਬਦ ਮਿਲ ਕੇ ਇਸ ਕਾਵਿ ਨੂੰ ਮੀਡੀਆ ਲਈ ਉਪਯੋਗੀ ਵਸਤੂ ਬਣਾ ਦਿੰਦੇ ਹਨ। ਅਜੋਕੀ ਕਨਜ਼ਿਊਮਰ ਸੋਸਾਇਟੀ ਵਿਚ ਕਾਵਿ ਦੇ ਹੋਰ ਰੂਪਾਂ ਦੀ ਤੁਲਨਾ ਵਿਚ ਗ਼ਜ਼ਲ ਦਾ 'ਉਪਭੋਗ' ਵਧੇਰੇ ਚੰਗੀ ਤਰ੍ਹਾਂ ਕੀਤਾ ਜਾ ਸਕਦਾ ਹੈ। ਇਸ ਦੇ ਨਾਲ ਹੀ ਮਾਨਵੀ ਅਨੁਭਵ ਦੇ ਖੰਡਿਤ ਹੋ ਜਾਣ ਦੀ ਪ੍ਰਕ੍ਰਿਆ ਵੀ ਇਸ ਕਾਵਿ ਦੀ ਸਫਲਤਾ ਦਾ ਇਕ ਮਹੱਤਵਪੂਰਨ ਕਾਰਨ ਬਣੀ। ਅਜੋਕੇ ਸਮਾਜ ਵਿਚ ਵਿਅਕਤੀ-ਵਿਅਕਤੀ ਦਰਮਿਆਨ ਕਿਸੇ ਮੁਸਲਸਲ ਸੰਵਾਦ ਦੇ ਦਰਵਾਜ਼ੇ ਬਦ ਹੋ ਚੁੱਕੇ ਹਨ। ਸਾਡੇ ਸਮਾਜਿਕ ਪ੍ਰਬੰਧ ਵਿਚ ਕਿੱਤਿਆਂ ਦੀਆਂ ਬਹੁਤ ਸਾਰੀਆਂ ਸ਼ਰੇਣੀਆਂ ਜਨਮ ਲੈ ਚੁੱਕੀਆਂ ਹਨ। ਕਿੱਤਾ, ਵਿਅਕਤੀ ਦੀ ਮਾਨਸਿਕ ਬਣਤਰ ਅਤੇ ਉਸ ਦੇ ਸੋਚ-ਪ੍ਰਬੰਧ ਉੱਪਰ ਨਿਰਣੈਜਨਕ ਪ੍ਰਭਾਵ ਪਾਉਂਦਾ ਹੈ। ਹਰ ਕਿੱਤੇ ਦੇ ਵੱਖਰੇ-ਵੱਖਰੇ ਭਾਸ਼ਾਈ ਕੋਡ ਹਨ। ਇਸ ਸੂਰਤ ਵਿਚ ਵੱਖ-ਵੱਖ ਕਿੱਤਿਆਂ ਨਾਲ ਜੁੜੇ ਲੋਕਾਂ ਵਿਚ ਸੰਵਾਦ ਰਚਾਏ ਜਾ ਸਕਣ ਦੀਆਂ ਸੰਭਾਵਨਾਵਾਂ ਦਿਨੋਂ-ਦਿਨ ਮੱਧਮ ਪੈਂਦੀਆਂ ਜਾ ਰਹੀਆਂ ਹਨ। ਇਸ ਸਥਿਤੀ ਵਿਚ ਗ਼ਜ਼ਲ ਕਾਵਿ ਦੀ ਰਚਨਾਤਮਕ ਖ਼ੂਬੀ ਇਹ ਹੈ ਕਿ ਇਹ 'ਟੁੱਟਵਾਂ' ਸੰਵਾਦ ਰਚਾਉਂਦੀ ਹੈ ਅਤੇ ਅਜਿਹਾ ਟੁੱਟਵਾਂ ਸੰਵਾਦ ਹੀ ਅਜੋਕੀ ਸਮਾਜਿਕ ਬਣਤਰ ਦਾ ਇਕ ਪ੍ਰਤੀਨਿਧ ਲੱਛਣ ਹੈ। ਮੇਰਾ ਵਿਚਾਰ ਹੈ ਕਿ ਵੀਹਵੀਂ ਸਦੀ ਦੇ ਇਸ ਆਖਰੀ ਦਹਾਕੇ ਵਿਚ (ਜੇ ਕੋਈ ਕਾਵਿ ਰੂਪ ਜੀਵਿਤ ਰਿਹਾ) ਇਕੱਲੀ ਗ਼ਜ਼ਲ ਹੀ ਬਾਕੀ ਬਚੇਗੀ।

ਅੱਜ ਜਦੋਂ ਵੀਹਵੀਂ ਸਦੀ ਦੇ ਇਸ ਅੰਤਿਮ ਦਹਾਕੇ ਵਿਚ ਸਥਿਤ ਹੋ ਕੇ ਅਸੀਂ ਆਧੁਨਿਕਵਾਦ ਦਾ ਇਕ ਇਤਿਹਾਸਕ ਸਰਵੇਖਣ ਕਰਦੇ ਹਾਂ ਤਾਂ ਹੈਰਾਨੀ ਹੁੰਦੀ ਹੈ ਕਿ ਕਿਵੇਂ ਵੱਖ-ਵੱਖ ਕਲਾ ਖੇਤਰਾਂ ਵਿਚ ਨਿਰੰਤਰ ਪ੍ਰਯੋਗ ਹੁੰਦੇ ਰਹੇ ਅਤੇ ਕਲਾਕਾਰਾਂ ਨੇ ਕਿਤਨੀ ਰਚਨਾਤਮਕ ਪੀੜਾ ਨੂੰ ਹੰਢਾ ਕੇ ਅਤਿਅੰਤ ਪ੍ਰਮਾਣਿਕ ਕਲਾ-ਰੂਪਾਂ ਨੂੰ ਜਨਮ ਦਿੱਤਾ ਸੀ। ਅਸੀਂ ਜਦੋਂ ਵਾਨਗਾਗ, ਪਿਕਾਸੋ, ਬੈਕੇਟ, ਫਾਕਨਰ ਥਾਮਸ ਮਾਨ, ਕਾਮੂ ਜਾਂ ਆਰਵੈੱਲ ਬਾਰੇ ਸੋਚਦੇ ਸਾਂ ਤਾਂ ਉਹਨਾਂ ਦੁਆਰਾ ਰਚੀਆਂ ਟੈਕਸਟ ਦੀ ਹਾਜ਼ਰੀ ਵਿਚ ਠਠੰਬਰ ਜਾਂਦੇ ਸਾਂ। ਇਹਨਾਂ ਕਲਾਕਾਰਾਂ ਨੇ ਹਰ ਪ੍ਰਕਾਰ ਦੀਆਂ ਸੰਸਥਾਵਾਂ ਦੇ ਵਿਰੁੱਧ ਮਨੁੱਖੀ ਸੁਤੰਤਰਤਾ ਦਾ ਸੂਹਾ ਪਰਚਮ ਲਹਿਰਾਇਆ ਸੀ। ਇਹਨਾਂ ਨੇ ਵਿਕਟੋਰੀਅਨ ਜੀਵਨ ਮੁੱਲਾਂ ਅਤੇ ਖੋਖਲੇ ਆਦਰਸ਼ਾਂ ਦੀਆਂ ਧੱਜੀਆਂ ਉਡਾ ਦਿੱਤੀਆਂ ਸਨ। ਪਰ ਅਜੋਕੀ ਪੀੜ੍ਹੀ ਲਈ ਇਹ ਕਲਾਕਾਰ ਵੀ ਸਥਾਪਨਾ ਅਤੇ ਰਵਾਇਤ ਦੇ ਚਿੰਨ੍ਹ ਬਣ ਚੁੱਕੇ ਹਨ।

ਕਾਮੂ ਅਤੇ ਆਰਵੈਲ ਵਰਗੇ ਵਿਦਰੋਹੀ ਲੇਖਕਾਂ ਦੀਆਂ ਰਚਨਾਵਾਂ ਅੰਡਰ-ਗਰੈਜੂਏਟ ਵਿਦਿਆਰਥੀ ਸਿਲੇਬਸਾਂ ਵਿਚ ਪੜ੍ਹ ਰਹੇ ਹਨ। ਇਹਨਾਂ ਦੇ ਵਿਸ਼ੇ-ਵਸਤੂਆਂ, ਪਾਤਰਾਂ ਅਤੇ ਕਥਾਨਕਾਂ ਉੱਪਰ ਨੋਟ ਲਿਖੇ ਜਾ ਰਹੇ ਹਨ ਅਤੇ ਯੁਵਾ ਵਿਦਿਆਰਥੀਆਂ ਨੂੰ ਇਹਨਾਂ ਪੁਸਤਕਾਂ ਵਿਚ ਨਿਰੂਪਿਤ 'ਵਿਅਕਤੀ' ਦੇ ਆਚਾਰ-ਵਿਹਾਰ ਬਾਰੇ ਕੋਈ ਹੈਰਾਨੀ ਨਹੀਂ ਹੁੰਦੀ। ਕਵਿਤਾ ਅਤੇ ਕਲਾ ਦੁਆਰਾ ਪੇਸ਼ ਹੋਏ ਵੱਡੇ-ਵੱਡੇ ਵਿਦਰੋਹ ਅੱਜ ਬਿਲਕੁਲ ਬੇਮਾਅਨੀ ਅਤੇ ਬਦਗਾਨਾ ਪ੍ਰਤੀਤ ਹੋ ਰਹੇ ਹਨ। ਸਾਡੇ ਵਿਚੋਂ ਇਤਿਹਾਸਕ ਚੇਤਨਾ ਲੁਪਤ ਹੋ ਰਹੀ ਹੈ ਅਤੇ ਸਦ-ਵਰਤਮਾਨ ਵਿਚ ਜਿਊਣ ਦੀ ਕੋਸ਼ਿਸ਼ ਕਰਦੇ ਹੋਏ ਅਸੀਂ ਲੋਕ ਕਵਿਤਾ ਅਤੇ ਕਲਾ ਦੀ ਰਵਾਇਤੀ ਪਕੜ ਨਾਲੋਂ ਵੱਖ ਹੁੰਦੇ ਜਾ ਰਹੇ ਹਾਂ। ਆਪਣੇ ਇਸ ਲੇਖ ਦਾ ਅੰਤ ਮੈਂ ਇਕ ਬੰਗਾਲੀ ਕਵੀ ਬਿਸਨੂੰ ਡੇ ਦੀਆਂ ਕੁਝ ਕਾਵਿ-ਪੰਕਤੀਆਂ ਦੁਆਰਾ ਕਰਦਾ ਹਾਂ ਜਿਸ ਦੀ 'ਕਵਿਤਾ ਦਾ ਲਾੜਾ' ਉਪਭੋਗਤਾਵਾਦੀ ਸਮਾਜ ਦੀ ਭੀੜ ਵਿਚ ਗੁਆਚ ਗਿਆ ਹੈ:

ਹਾਂ, ਲਾੜੇ ਦਾ ਕੋਈ ਪਤਾ ਨਹੀਂ।
ਇਸ ਭੀੜ ਵਿਚ ਚੋਰ ਹਨ, ਉਚੱਕੇ ਹਨ।
ਭੱਦਰ ਲੋਕ ਤੇ ਨੀਚ ਵੀ
ਕਈ ਤਰ੍ਹਾਂ ਦੇ ਮੰਗਤੇ, ਕੁਝ ਬਾਬੂ, ਕੁਝ ਸਾਹਿਬ।
ਮਨ ਦੇ ਰਾਹਾਂ ਉੱਤੇ ਚੱਲ ਕੇ ਆਏ,
ਕਾਇਆਂ ਦੇ ਭਿਖਾਰੀ
ਆਤਮਾ ਦੇ ਦਵਾਲੇ ਖੜੇ ਹਨ।
ਨਗਰ ਪਾਲਕਾ ਦੇ ਕੂੜੇ-ਕਬਾੜ ਵਾਲੀਆਂ ਗੱਡੀਆਂ ਵਿਚ
ਲੱਦ ਕੇ ਲਿਆਂਦੇ ਗਏ
ਸਕੱਤਰੇਤ ਦੇ ਦਫ਼ਤਰਾਂ ਤੇ ਸਟੋਰ-ਹਾਊਸਾਂ
ਦੇ ਪਦ ਅਧਿਕਾਰੀ
ਨਾ ਹੀ ਅੰਨ੍ਹੀਆਂ ਗਲੀਆਂ ਵਿਚ ਰਹਿਣ ਵਾਲੇ
ਨਾ ਹੀ ਸਵਸਥ
ਦੇਹ ਅਤੇ ਦਿਲ ਦੇ ਰੋਗੀ
ਇਹ ਸਭ ਤਰ੍ਹਾਂ ਦੇ ਲੋਕ ਲਾੜੇ ਦੀ ਬਰਾਤ ਵਿਚ ਹਨ
ਪਰ ਲਾੜੇ ਦਾ ਕੋਈ ਪਤਾ ਨਹੀਂ।

ਬਿਸ਼ਨੂੰ ਡੇ ਨੂੰ ਇਹ ਗੁਮਾਨ ਸੀ ਕਿ ਸ਼ਾਇਦ ਲਾੜਾ ਕਿਧਰੇ ਹੈ ਤਾਂ ਸਹੀ; ਉਹ ਬਰਾਤ ਨਾਲੋਂ ਨਿਖੜ ਭਾਵੇਂ ਗਿਆ ਹੈ ਪਰ ਉਹ ਛੇਤੀ ਹੀ ਸ਼ਾਇਦ (ਇਤਿਹਾਸ ਦੇ) ਕਿਸੇ ਅਗਲੇ ਮੋੜ ਤੇ ਜ਼ਰੂਰ ਬਰਾਤ ਨਾਲ ਮਿਲ ਜਾਵੇਗਾ। ਪਰ ਇਤਿਹਾਸ ਦੇ ਇਸ ਮੋੜ ਤੇ ਖੜੋ ਕੇ ਜਦ ਅਸੀਂ ਕਵੀਆਂ ਦੀ ਮੌਜੂਦਾ ਬਰਾਤ ਵੱਲ ਦੇਖਦੇ ਹਾਂ ਤਾਂ ਸਾਫ ਪਤਾ ਚੱਲ ਜਾਂਦਾ ਹੈ ਕਿ ਲਾੜਾ ਤਾਂ ਇਸ ਬਰਾਤ ਨਾਲ ਰਵਾਨਾ ਹੀ ਨਹੀਂ ਹੋਇਆ। (ਹਰ



ਕੋਈ ਡਰ ਰਿਹਾ ਹੈ ਕਿ ਉਸੇ ਨੂੰ ਹੀ ਕਿਧਰੇ ਲਾੜਾ ਬਣਾ ਦਿੱਤਾ ਜਾਵੇ ਕਿਉਂਕਿ ਸਾਡੇ ਇਸ ਉਪਭੋਗਤਾਵਾਦੀ ਸਮਾਜ ਵਿਚ ਬਰਾਤੀ ਬਣਨ ਵਿਚ ਜੋ ਆਨੰਦ ਹੈ, ਉਹ ਲਾੜਾ ਬਣਨ ਵਿਚ ਬਿਲਕੁਲ ਨਹੀਂ। ਲਾੜੇ ਦੇ ਨਾਲ ਇਕ ਨਿਸ਼ਚਿਤ ਪ੍ਰਤੀਬੱਧਤਾ ਅਤੇ ਕੁੱਝ ਜ਼ੁੰਮੇਵਾਰੀਆਂ ਜੁੜੀਆਂ ਹੋਈਆਂ ਹਨ ਜੋ ਅਜੋਕੇ ਸਮਾਜਿਕ ਪ੍ਰਬੰਧ ਵਿਚ ਕਿਸੇ ਨੂੰ ਪ੍ਰਵਾਨ ਨਹੀਂ।) ਬੇ-ਲਾੜਾ ਹੋਣ ਦੀ ਸੂਰਤ ਵਿਚ ਕਵੀਆਂ ਦੀ ਇਹ ਬਰਾਤ ਕਿਸੇ ਨਿਸ਼ਚਿਤ ਆਦਰਸ਼ ਤੇ ਪਹੁੰਚ ਜਾਵੇਗੀ, ਮੈਨੂੰ ਸ਼ੱਕ ਹੈ।

ਬ੍ਰਿਜਿੰਦਰਾ ਕਾਲਜ, ਫਰੀਦਕੋਟ।

○

## ਗ਼ਜ਼ਲ/ਮਨਜੀਤ ਸਿੰਘ

ਮੈਂ ਜੀਵਨ ਦਾ ਗੀਤ ਜਦੋਂ ਵੀ ਲਿਖਦਾ ਹਾਂ।
ਓਸ 'ਚ ਹੁੰਦਾ ਹੋਇਆ ਵੀ ਨਾ ਦਿੱਸਦਾ ਹਾਂ।

ਸਾਇਆ ਹੈ ਮੈਂ ਮਾਣ ਲਵੀਂ ਜਾਂ ਲੰਘ ਜਾਵੀਂ,
ਮੈਂ ਤਾਂ ਅਕਸਰ ਤੇਰੇ ਰਾਹੀਂ ਵਿਛਦਾ ਹਾਂ।

ਉਂਝ ਤਾਂ ਦਿਲ ਦੀ ਟਾਹਣੀ ਸੁਪਨੇ ਟੰਗ ਬੈਠਾਂ,
ਸੋਚ ਰਿਹਾ ਹਾਂ ਖੁਦ ਮੈਂ ਸੁਪਨਾ ਕਿਸ ਦਾ ਹਾਂ।

ਮੈਨੂੰ ਹੱਕ ਨਹੀਂ ਮੁੱਲ ਆਪਣਾ ਮੈਂ ਪਾਵਾਂ,
ਕੰਮੀਆਂ ਦਾ ਮੁੜ੍ਹਕਾ ਹਾਂ ਸਸਤਾ ਵਿਕਦਾ ਹਾਂ।

ਪੌਣ ਨੂੰ ਖੋਰੇ ਜਾ ਕੇ ਕਿਹੜਾ ਦੱਸਦਾ ਹੈ,
ਨਾਂ ਤੇਰਾ ਜਦ ਰੇਤਾ ਉੱਤੇ ਲਿਖਦਾ ਹਾਂ।

ਸੰਤ ਅੱਤਰ ਸਿੰਘ ਲਾਇਬਰੇਰੀ,
ਸਕੂਲ ਰੋਡ, ਤਪਾ—148108 (ਸੰਗਰੂਰ)

## ਵਿਸ਼ੇਸ਼ ਸੂਚਨਾ

ਡਾ: ਬਲਦੇਵ ਸਿੰਘ ਧਾਲੀਵਾਲ ਵਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਹਿਯੋਗ ਨਾਲ ਤਿਆਰ ਕੀਤੇ ਜਾ ਰਹੇ, 'ਪੰਜਾਬੀ ਕਹਾਣੀਕਾਰ ਸੰਦਰਭ-ਕੋਸ਼' ਵਾਸਤੇ ਸਮੂਹ ਪੰਜਾਬੀ ਕਹਾਣੀਕਾਰਾਂ ਨੂੰ ਆਪਣੇ ਸਿਰਨਾਵੇਂ ਭੇਜਣ ਦੀ ਬੇਨਤੀ ਕੀਤੀ ਹੈ ਤਾਂ ਕਿ ਉਹਨਾਂ ਨਾਲ ਸੰਪਰਕ ਕੀਤਾ ਜਾ ਸਕੇ।

R-46, ਪੰਜਾਬੀ ਯੂਨੀਵਰਸਿਟੀ, ਪਟਿਆਲਾ—147002

## ਦੋ ਗ਼ਜ਼ਲਾਂ/ਗੁਰਚਰਨ ਰਾਮਪੁਰੀ

( 1 )

ਹਰ ਫੁੱਲ ਅੰਦਰ ਬੀਜ ਪਿਆ ਹੈ
ਆਦਿ ਅੰਤ ਇੱਕੋ ਹੀ ਥਾਂ ਹੈ।

ਹਰ ਦੋਚਿੱਤੀ ਹੈ ਬੀਮਾਰੀ
ਮੁਕਤੀ ਤਾਂ ਇੱਕ-ਮਨ ਹੋਣਾ ਹੈ।

ਪਿਆਲੀ ਪਹਿਲੇ ਦਿਨ ਬੁੱਲਾ ਹੈ
ਫੇਰ ਪਤੰਗ ਲਈ ਰੱਸਾ ਹੈ।

ਓਹ ਦਲ ਕੀਕਰ ਜੁੱਗ ਪਲਟਾਊ
ਜਿਸ ਵਿਚ ਹਰ ਕੋਈ ਸੂਹੀਆ ਹੈ।

ਵਿਉਂਤ ਭਵਿੱਖ ਨੂੰ ਅੱਜ ਕਰਦੀ ਹੈ
ਹੁਣ ਮਿੱਥ ਜੋ ਕੱਲ੍ਹ ਨੂੰ ਕਰਨਾ ਹੈ।

ਦੁਨੀਆਂ ਦੇ ਕਾਮੇ ਇੱਕ ਹੋਵਣ
ਨੇਤਾਵਾਂ ਦਾ ਤਾਂ ਝਗੜਾ ਹੈ।

ਤੇਰੀ ਹੋਣੀ ਤੇਰੇ ਵਸ ਹੈ
ਅੰਬਰ ਦ੍ਰਿਸ਼ਟੀ ਦੀ ਸੀਮਾ ਹੈ।

ਜੋ ਚਿਤਵੇ ਓਹੀ ਰੱਬ ਹੋਵੇ
ਮਾਨਵ ਹੀ ਸਿਰਜਣਹਾਰਾ ਹੈ।

( 2 )

ਉਸ ਇੱਕ ਪਲ ਤੋਂ ਜ਼ਮਾਨਾ ਵਾਰਿਆ
ਸ਼ੋਕ ਤੋਂ ਇਨਕਾਰ ਜਦਕਿ ਹਾਰਿਆ।

ਜ਼ਿੰਦਗੀ ਨੇ ਉਸ ਨੂੰ ਸਤਿਕਾਰਿਆ,
ਮੌਤ ਨੂੰ ਜਿਸ ਨੇ ਸਦਾ ਵੰਗਾਰਿਆ।

ਚੋਰ ਜੀਵਨ ਦਾ ਤਪੀਸ਼ਰ ਹਾਰਿਆ,
ਜਦ ਕਲਾ ਨੇ ਰੂਪ ਨੂੰ ਸ਼ਿੰਗਾਰਿਆ।

ਰੂਪ ਦੀ ਮੁਸਕਾਣ ਤੋਂ ਜਲ ਗਏ ਸ਼ਰੀਕ,
ਬਲ ਰਹੇ ਹੰਝੂਆਂ ਉਨ੍ਹਾਂ ਨੂੰ ਠਾਰਿਆ।



ਉਮਰ ਤੋਂ ਵੀ ਆਸ ਲੰਮੀ ਹੋ ਗਈ,
ਵਾਹ ਮਿਰੇ ਸੱਜਣਾਂ ਦੇ ਲਿੱਕੇ ਲਾਰਿਆ।

ਜ਼ਿੰਦਗੀ ਦਾ ਕਦੇ ਨਾ ਦਿੱਤਾ ਯਕੀਨ,
ਪਰ ਬੜਾ ਵਿਸ਼ਵਾਸ਼ ਦੇ ਕੇ ਮਾਰਿਆ।
ਮਹਿਲ ਦੀ ਮਮਟੀ ਦੀ ਛਾਂ ਹੇਠਾਂ ਊਂਘ,
ਜਾਗਦੀ ਮੇਹਨਤ ਦੇ ਭਖਦੇ ਢਾਰਿਆ।
ਦੋਸਤੀ ਮਾਂਝੀ ਦੀ ਕੰਢੇ ਹੀ ਨਿਭੀ,
ਸ਼ੋਕ ਨੂੰ ਲਹਿਰਾਂ ਨੇ ਪਾਰ ਉਤਾਰਿਆ।
ਜਾਪਦੇ ਹਮਸਫਰ ਮੈਨੂੰ ਤਾਂ ਰਕੀਬ,
ਉਨ੍ਹਾਂ ਨੇ ਐਵੇਂ ਨਹੀਂ ਸਤਿਕਾਰਿਆ!
ਕਹਿ ਰਿਹਾ ਸਾਂ ਗ਼ਮ ਨੂੰ ਕਿ ਆ ਗਏ ਤੁਸੀਂ,
ਚਮਕ ਲੈ ਸਰਘੀ ਦੇ ਰੌਸ਼ਨ ਤਾਰਿਆ!
ਸੁਰਗ ਮਿਲਣੀ ਦੇ ਵੀ ਦਰਦੋਂ ਬਚੇ,
ਨਰਕ ਵਿਛੜਨ ਦੇ ਨੇ ਪਲ ਪਲ ਮਾਰਿਆ।

(1057 Walls Ave. CoquilLam [B.C.] Canada.)

## ਮੈਂ ਪੰਜਾਬ ਹਾਂ / ਦਰਸ਼ਨ ਬੁਲੰਦਵੀ

ਮੈਂ ਪੰਜ ਆਬ ਦਾ ਸਿੰਜਿਆ ਕੋਈ ਆਦਿ ਕਾਲੀ ਬੋਹੜ੍ਹ ਹਾਂ,
ਮੈਂ ਪੱਤੇ ਪੱਤੇ ਚੋਂ ਜਾਗਦਾ ਗੁਲਾਮੀ ਦੇ ਸੰਗਲ ਤੋੜ ਹਾਂ।
ਮੈਂ ਤੂਫਾਨਾਂ ਦੇ ਅੰਦਰ ਮੌਲਿਆ ਤੂਫਾਨਾਂ ਦਾ ਮੂੰਹ ਮੋੜ ਹਾਂ
ਮੈਂ ਸੂਰਮਿਆਂ ਦਾ ਲਹੂ ਤੇ ਬੁਜ਼ਦਿਲਾਂ ਦਾ ਅਜ਼ਾਬ ਹਾਂ।
ਮੈਂ ਪੰਜਾਬ ਹਾਂ ਜੀ ਮੈਂ ਪੰਜਾਬ ਹਾਂ।

ਮੈਂ ਪੀਰਾਂ ਫਕੀਰਾਂ ਦੇ ਸੁੱਚੇ ਬੋਲਾਂ ਦੀ ਪਾਕ ਦੁਆ ਹਾਂ
ਮੈਂ ਨੇਕੀ ਦੀ ਜੰਗ ਅੰਦਰ ਭਾਈ ਘਨੱਈਏ ਦਾ ਸੁਭਾਅ ਹਾਂ
ਮੈਂ ਮਜ਼ਲੂਮਾਂ ਦਾ ਹੰਝੂ ਤੇ ਦਰਦਮੰਦਾਂ ਦਾ ਸਾਹ ਹਾਂ
ਮੈਂ ਮੈਲੀ ਹੋਈ ਅੱਖ ਦੇ ਹਰ ਚੈਲਿੰਜ ਦਾ ਜਵਾਬ ਹਾਂ।
ਮੈਂ ਪੰਜਾਬ ਹਾਂ ਜੀ ਮੈਂ ਪੰਜਾਬ ਹਾਂ।

ਮੈਂ ਭਿੰਨ ਭਿੰਨ ਫੁੱਲਾਂ ਦੀ ਕੋਈ ਮਹਿਕਦੀ ਗੁਲਜ਼ਾਰ ਹਾਂ
ਮੈਂ ਕੁੱਲਾ, ਮੈਂ ਟੋਪੀ, ਮੈਂ ਦੁੱਧ ਧੋਤੀ ਦਸਤਾਰ ਹਾਂ
ਮੈਂ ਗੀਤਾ, ਮੈਂ ਕੁਰਾਨ, ਮੈਂ ਗ੍ਰੰਥ, ਬਾਈਬਲ ਦੇ ਨਾਲ ਹਾਂ

ਮੈਂ ਝਿਲਮਿਲਾਂਦੇ ਤਾਰਿਆਂ ਦੀ ਕੋਈ ਲੋਅ ਭਰੀ ਕਿਤਾਬ ਹਾਂ।
ਮੈਂ ਪੰਜਾਬ ਹਾਂ ਜੀ ਮੈਂ ਪੰਜਾਬ ਹਾਂ।

ਮੈਂ ਨਾਦਰਸ਼ਾਹੀ ਹਨੇਰ ਲਈ ਚਾਨਣ ਦੀ ਲਲਕਾਰ ਹਾਂ।
ਮੈਂ ਜ਼ੋਰ ਜਬਰ ਦੇ ਸਾਹਵੇਂ ਬੰਦੂਕ ਟੋਂਕ ਤਲਵਾਰ ਹਾਂ।
ਮੈਂ ਲਟ ਲਟ ਬਲਦਾ ਲਾਵੇ ਵਾਂਙ ਮਾਸੂਮਾਂ ਦੀ ਵਾੜ ਹਾਂ।
ਮੈਂ ਦੁੱਲੇ ਸ਼ਾਹ ਸਵਾਰ ਦੀ ਅੱਖ 'ਚ ਲਿਸ਼ਕੀ ਤਾਬ ਹਾਂ।
ਮੈਂ ਪੰਜਾਬ ਹਾਂ ਜੀ ਮੈਂ ਪੰਜਾਬ ਹਾਂ।

ਮੈਂ ਜ਼ਰ੍ਹੇ ਜ਼ਰ੍ਹੇ ਚੋਂ ਅਖੰਡ ਹਵਾ ਦੇ ਵਾਂਗ ਅਵੰਡ ਹਾਂ।
ਮੈਂ ਪਾਣੀ ਵਾਂਙ ਨਿਰਛਲ ਤੇ ਦਰਿਆਵਾਂ ਵਾਂਙ ਨਿਸ਼ੰਗ ਹਾਂ।
ਮੈਂ ਰਣ ਤੱਤੇ ਵਿਚ ਘੂਕਦਾ ਅੱਗਨੀ ਵਾਂਙ ਪ੍ਰਚੰਡ ਹਾਂ
ਮੈਂ ਹੱਕ ਸੱਚ ਲਈ ਜੂਝਦਾ ਸ਼ੁਭ ਕਰਮਨ ਦਾ ਕਾਜ ਹਾਂ।
ਮੈਂ ਪੰਜਾਬ ਹਾਂ ਜੀ ਮੈਂ ਪੰਜਾਬ ਹਾਂ।

ਮੈਂ ਆਜ਼ਾਦ ਜਜ਼ਬਿਆਂ ਦਾ ਸੰਗਨਾਂ ਤੇ ਗੂੰਜਦਾ ਗੀਤ ਹਾਂ
ਮੈਂ ਅੱਗ ਦਿਆ ਮੌਸਮਾਂ 'ਚ ਖਿੜਦੇ ਫੁੱਲਾਂ ਦਾ ਮੀਤ ਹਾਂ
ਮੈਂ ਕਤਲ ਹੋ ਕੇ ਵਾਰ ਵਾਰ ਆਪਣੀ ਮਿੱਟੀ ਚੋਂ ਸੁਰਜੀਤ ਹਾਂ।
ਮੈਂ ਬੁੱਧ ਦੀ ਅਹਿੰਸਾ ਤੇ ਗੁਰੂ ਨਾਨਕ ਦਾ ਖ਼ਾਬ ਹਾਂ।
ਮੈਂ ਪੰਜਾਬ ਹਾਂ ਜੀ ਮੈਂ ਪੰਜਾਬ ਹਾਂ।

ਮੈਂ ਕੱਚੇ ਘੜਿਆਂ ਤੇ ਠਿੱਲ੍ਹਦਾ ਕਿਸੇ ਸੋਹਣੀ ਦਾ ਇਕਰਾਰ ਹਾਂ
ਮੈਂ ਡਾਚੀ ਦੀਆਂ ਪੈੜਾਂ ਪਿਛੇ ਹੂਰ ਸੱਸੀ ਦਾ ਪਿਆਰ ਹਾਂ
ਮੈਂ ਜੰਗਲ ਬੇਲਿਆਂ 'ਚ ਕੂਕਦੀ ਕਿਸੇ ਵੰਝਲੀ ਦੀ ਪੁਕਾਰ ਹਾਂ।
ਮੈਂ ਅਗਨ ਪ੍ਰੀਖਿਆ ਚੋਂ ਲੰਘਦੇ ਸੁੱਚੇ ਇਸ਼ਕ ਦੀ ਲਾਜ ਹਾਂ
ਮੈਂ ਪੰਜਾਬ ਹਾਂ ਜੀ ਮੈਂ ਪੰਜਾਬ ਹਾਂ।

## ਰਾਤ ਦੀ ਰਾਣੀ / ਨਿਰੰਜਨ ਸਿੰਘ ਨੂਰ

ਰਾਤ ਦੀ ਰਾਣੀ ਮਹਿਕਦੀ
ਜਦੋਂ ਦਸ ਨੰਬਰ 'ਚ ਸੀ,
ਇਕ ਕੌਤਕ ਵਰਤਿਆ :
ਸੱਚ ਤੇ ਇਨਸਾਫ਼ ਦੇ ਸੂਰਜ-ਮੁਖੀ
ਨੌਂ-ਦੋ-ਗਿਆਰਾਂ ਹੋ ਗਏ !



ਲੂੰਬੜੀ ਦੀ ਲਾਲਸਾ ਦਾ ਰਾਜ ਸੀ,
ਜੰਗਲੀ ਕਨੂੰਨ ਸੀ,
ਸ਼ਾਂਤੀ ਸ਼ਮਸ਼ਾਨ ਦੀ ਸੀ,
ਡਾਰਵਿਨ ਦੀ ਆਤਮਾ
ਰੱਤ ਦੇ ਸਾਗਰ 'ਚ
ਡਾਡਾਂ ਮਾਰਦੀ ਸੀ।

ਉੱਨਤੀ ਦਾ ਸਿਖਰ ਸੀ :
ਪਲਾਂ ਵਿਚ ਹਰ ਜੇਲ੍ਹ ਦੀ ਦੀਵਾਰ ਉੱਚੀ ਹੋ ਗਈ,
ਕਾਰਖ਼ਾਨੇ ਕਿਵੇਂ ਕਬਰਸਤਾਨ ਹੋ ਕੇ ਰਹਿ ਗਏ !
ਹਸਪਤਾਲਾਂ ਨੂੰ ਉਹਦੀ ਕਿਰਪਾ ਦਾ ਕੈਂਸਰ ਲੈ ਗਿਆ,
ਤੇ ਸਕੂਲਾਂ ਵਿਚ ਇਲਮ ਨੂੰ ਪੀਲੀਏ ਨੇ ਖਾ ਲਿਆ !

ਸੌ ਕ੍ਰਿਸ਼ਮੇ ਵਾਪਰੇ :
ਕੂੜ ਦੀ ਅੰਜੀਲ ਜੰਮੀ,
ਸੱਚ ਦਾ ਇਤਿਹਾਸ ਮੋਇਆ,
ਮਲਕ ਦੇ ਪੂੜੇ 'ਚੋਂ ਦੁੱਧ ਦੀ ਧਾਰ ਫੁੱਟੀ
ਕੋਧਰੇ ਦਾ ਟੁੱਕ
ਸੂਲੀ ਤੇ ਚੜ੍ਹਾ ਦਿੱਤਾ ਗਿਆ।

ਇਸ ਸੁਨਹਿਰੀ ਯੁੱਗ ਵਿਚ
ਮੁੜ ਧਰਮ ਦਾ ਬੋਲਬਾਲਾ ਹੋ ਗਿਆ।
ਮਕਰ ਨੂੰ ਮੂਸਾ ਬਣਾ ਦਿੱਤਾ ਗਿਆ,
ਸ਼ਰ੍ਹਾ ਦੇ ਫ਼ਤਵੇ ਦੀ ਭੁੱਖ ਹਾਬੜ ਗਈ,
ਜੋ ਰਵਾਦਾਰੀ ਨੂੰ ਕੱਚੀ ਖਾ ਗਈ।
ਜਬਰ ਜ਼ਰਉਸਲਮ ਬਣਾ ਦਿੱਤਾ ਗਿਆ,
ਤੇ ਕੁਆਰੀ ਕੁੱਖ ਵਿਚ
ਯਸੂ ਨੂੰ ਸੂਲੀ ਸੁਣਾ ਦਿੱਤੀ ਗਈ।

ਰਾਤ ਦੀ ਰਾਣੀ ਦੇ
ਝਿਲਮਿਲ ਕਰ ਰਹੇ ਦਰਬਾਰ ਵਿਚ
ਕਿਰਤ ਦੀ ਅਵਾਜ਼ ਨੂੰ ਮੂਲੋਂ ਜ਼ਿਬ੍ਹਾ ਕੀਤਾ ਗਿਆ
ਕਲਾ ਦੀ ਪਰਵਾਜ਼ ਪਾਤਾਲਾਂ 'ਚ ਲਾਹ ਦਿੱਤੀ ਗਈ
ਕਹਿਰ ਦਾ ਸੀ ਮੋਈ ਮਾਲਣ ਦਾ ਕਮਾਲ :

ਇਕੋ ਦੁੱਕੋ ਜ਼ਹਿਰ-ਮੋਹਰੇ ਫੁੱਲ ਨੂੰ
ਮਹਿਕ-ਲੱਦੇ ਬਾਗ਼ ਦੇ
ਸਿਰ ਤੇ ਚੜ੍ਹਾ ਦਿੱਤਾ ਗਿਆ ।
ਜੇਲ੍ਹ ਨੂੰ ਮੁਕਤੀ ਦਾ ਨਾਂ ਦਿੱਤਾ ਗਿਆ ।

ਸਾਇੰਸ ਦੇ ਸੁੰਗੜ ਰਹੇ ਸੰਸਾਰ ਵਿਚ
ਧਰਮੀ ਢਾਣੀ ਦੀ ਦਿਆਲੂ ਅੱਖ ਨੇ
ਦੋ ਧਰੁਵਾਂ ਨੂੰ
ਸੈਆਂ ਜੁਗਾਂ ਦਾ ਬ੍ਰਿਹਾ ਮਣਸਿਆ ।
ਤੇ ਜਦੋਂ ਆਕਾਸ਼ਬਾਣੀ ਭਾਸਰੀ,
ਬੱਲੜੀ ਦੀ ਜੀਭ ਖਿੱਚ ਦਿੱਤੀ ਗਈ !
ਧਰਤ ਅੰਮੀ ਦੀ ਸੁਰੱਸਤੀ ਵੰਨੜੀ ਕੁੱਖ ਦੇ ਖਿਲਾਫ਼
ਰਹਿਮ ਦਿਲ ਰੁੱਖ ਤੋਂ ਵੀ ਗੂਠੇ ਲੁਆ ਲੀਤੇ ਗਏ ।
ਕਾਗ਼ਜ਼ਾਂ ਨੂੰ ਸੱਚ ਬੋਲਣ ਤੋਂ ਮਨ੍ਹਾ ਕੀਤਾ ਗਿਆ ।
ਅਮਨ ਦੇ ਨਾਂ ਤੇ ਭਿਅੰਕਰ ਜੰਗ ਦਾ
ਹਰ ਜੁਰਮ ਤੇ ਹਰ ਗੁਨਾਹ ਕੀਤਾ ਗਿਆ ।

ਇਕ ਮਹਿਕ ਦੀ ਅੱਖ ਦੀ ਛੋਹ ਤੋਂ ਬਿਨਾਂ
ਕਲਾ ਦੀ ਮੁਸਕਾਨ ਪੱਥਰ ਹੋ ਗਈ ।
ਕਿਸੇ ਹਿਟਲਰ ਦੀ ਕਾਲੀ ਕਰਤੂਤ ਵਾਂਗ
ਇਸਤਰੀ ਦਾ ਨਾਂ ਕਲੰਕਤ ਹੋ ਗਿਆ ।
ਮਾਮਤਾ ਵਿਚ ਵੀ ਮਿਲਾਵਟ ਹੋ ਗਈ,
ਪਾਣੀਆਂ ਵਿਚ ਲੀਕ ਪਾ ਦਿੱਤੀ ਗਈ ,
ਲੋਰੀਆਂ ਨੂੰ ਲੀਕ ਲਾ ਦਿੱਤੀ ਗਈ ।
ਰਾਤ ਦੀ ਰਾਣੀ 'ਮਹਿਕਦੀ'
ਜਦੋਂ ਦਸ ਨੰਬਰ 'ਚ ਸੀ ।

(ਵੁਲਵਰ ਹੈਮਪਟਨ, ਯੂ. ਕੇ.)

## ਤਪੜੀਆਂ / ਸੰਤੋਖ ਧਾਲੀਵਾਲ (ਯੂ.ਕੇ.)

ਭੋਰਾ ਕੁ ਚਾਨਣ ਲਈ
ਅਸੀਂ ਸਦਾ ਖਹਿਬੜਦੇ ਰਹੇ ਹਾਂ
"ਮੈਂ ਆਪਣੇ ਪੁੱਤ ਨੂੰ ਕੈਦਾ ਪੜ੍ਹਾਉਣਾ
ਮੈਨੂੰ ਲਾਟੂ ਨੇੜੇ ਹੋਣ ਦਿਓ ।"
"ਮੈਂ ਆਪਣੀ ਧੀ ਦੀਆਂ ਮੀਢੀਆਂ ਗੁੰਦਣੀਆਂ
ਮੈਨੂੰ ਲੋਅ ਚਾਹੀਦੀ ਐ......।"



ਤੇ ਉਹ......ਉਹ
ਸਾਡੀ ਸਾਰੀ ਚਾਨਣੀ ਹੜੱਪਣ ਦੇ ਆਹਰੇ ਲੱਗੇ ਰਹੇ ।
ਦੋ ਕੁ ਗਜ਼ ਧਰਤੀ ਲਈ
ਅਸੀਂ ਇਕ ਦੂਜੇ ਦੇ ਗਲ ਨੂੰ ਹੱਥ ਪਾਉਂਦੇ ਰਹੇ ।
ਦਿਨ ਭਰ ਦੀ ਹੱਡ-ਭੰਨਵੀਂ ਮਿਹਨਤ ਪਿਛੋਂ
ਥਕਾਵਟ ਨੂੰ ਨੀਂਦ ਦੀਆਂ ਲੋਰੀਆਂ ਦੇਣ ਲਈ
ਵਿਛਾਈਆਂ ਤਪੜੀਆਂ
ਇਕ ਦੂਜੇ ਥੱਲਿਓਂ ਖਿਸਕਾਉਣ ਦੀਆਂ ਜੁਗਤਾਂ ਸੋਚਦੇ ਰਹੇ......

ਤੇ ਉਹ......ਉਹ
ਸਾਡੀ ਸਾਰੀ ਧਰਤੀ ਹੀ ਹੜੱਪ ਗਏ
ਤੇ ਜਦੋਂ......
ਆਪਣੀਆਂ ਨਿੱਕੀਆਂ ਨਿੱਕੀਆਂ ਜਿੱਤਾਂ ਦੀਆਂ ਤਪੜੀਆਂ
ਆਪਣੇ ਥੱਲੇ ਵਿਛਾਉਣੀਆਂ ਚਾਹੀਆਂ
ਤਾਂ ਪਤਾ ਲੱਗਾ......
ਕਿ ਸਾਡੀਆਂ ਤਪੜੀਆਂ ਥੱਲੇ ਤਾਂ
ਧਰਤੀ ਹੀ ਨਹੀਂ ਛੱਡੀ ਉਹਨਾਂ ਨੇ ।
ਕਿਉਂ ਖਹਿਬੜ੍ਹਦੇ ਰਹਿੰਦੇ ਹਾਂ ਅਸੀਂ ਆਪਸ 'ਚ ?

(ਨੌਟਿੰਗਮ, ਯੂ. ਕੇ.)

## ਮੇਰੀ ਫ਼ਿਤਰਤ / ਵਰਿੰਦਰ ਸਿੰਘ ਪਰਿਹਾਰ (ਇੰਗਲੈਂਡ)

ਚਾਂਦਨੀ ਚੌਂਕ ਦੀ ਗੱਲ ਕਰਾਂ
ਜਾਂ ਚਾਂਦਨੀ ਰਾਤ ਦੀ
ਤੇਰੇ ਸ਼ਬਾਬ ਦੀ ਗੱਲ ਕਰਾਂ
ਜਾਂ ਆਪਣੇ ਮਿਜਾਜ਼ ਦੀ
ਗੱਲ ਵਿਚ ਨਹੀਂ ਆਉਂਦਾ ਕਦੇ
ਇਸ਼ਕ, ਮੁਹੱਬਤ, ਚਾਹਤ
ਜਾਂ ਦਿਲ ਦੇ ਕਿਸੇ ਵੀ ਮਾਮਲੇ ਦਾ ਜ਼ਿਕਰ
ਗੱਲ ਸ਼ੁਰੂ ਹੋਣ ਤੋਂ ਪਹਿਲੋਂ ਹੋ ਜਾਵੇ ਸ਼ੁਰੂ
ਮੇਰੇ ਤੇ ਮੇਰੀ ਫ਼ਿਤਰਤ ਵਿਚਕਾਰ
ਉਹੀ ਪੁਰਾਣੀ ਕਸ਼ਮਕਸ਼
ਲਿਖਣੇ ਚਾਹੁੰਦਾ ਹਾਂ ਮੈਂ ਆਪਣੀ ਚਾਹਤ ਦੇ ਗੀਤ
ਪਰ ਇਹ ਫ਼ਿਤਰਤ ਮੇਰੀ—

ਨਾ ਚੱਲੇ ਮੈਨੂੰ ਪਤਾ
ਕਿਉਂ ਲੈ ਬਹਿੰਦੀ ਏ ਸਾਰੀ ਦੁਨੀਆਂ ਦੇ ਗ਼ਮ
ਇਹ ਪੰਜਾਬ ਦੇ ਬੇਨਾਮ ਦਰਦ ਦੀ ਕਰਦੀ ਏ ਗੱਲ
ਇੱਟ-ਇੱਟ ਹੋ ਗਈ ਮਸਜਿਦ ਬਾਬਰੀ ਦੀ ਕਰਦੀ ਏ ਗੱਲ
ਨੈਲਸਨ ਮੰਡੇਲਾ ਦੇ ਖ਼ਾਮੋਸ਼ ਗੁੱਸੇ ਦੀ ਉਮਰ ਦੀ ਕਰੇ ਗੱਲ
ਕਦੇ ਗਾਜ਼ਾ ਪੱਟੀ ਦੇ ਮੁਜਾਹਦਾਂ ਦੇ ਜਹਾਦ ਦੀ ਕਰੇ ਗੱਲ
ਤੇ ਕਦੇ ਬੈਠ ਜਾਵੇ
ਮਨਸੂਰ ਦੇ ਕਹੇ
"ਅਨਾ-ਉਲ-ਹੱਕ" ਦੇ
ਦਾਰਸ਼ਨਿਕ ਤਰਕ ਦੀ ਵਿਆਖਿਆ ਕਰਨ
ਮੈਂ ਇਸ ਫ਼ਿਤਰਤ ਦਾ ਕੀ ਕਰਾਂ ?
ਕੀ ਕਰਾਂ ਮੈਂ ਇਸ ਫ਼ਿਤਰਤ ਦਾ ?
ਇਹ ਹੈ ਤਾਂ ਮੇਰੀ ਫ਼ਿਤਰਤ
ਐਪਰ ਨਾ ਚੱਲੇ ਕਦੇ ਵੀ ਮੈਨੂੰ ਪਤਾ
ਕਿਉਂ ਆਪਣੀ ਹੀ ਮਰਜ਼ੀ ਕਰਦੀ ਆ ਰਹੀ ਸਦਾ ?
ਨਾ ਕਰੇ ਮੇਰੀ ਪਸੰਦ ਦੀ ਕੋਈ ਗੱਲ ਕਦੇ ! (ਸਾਊਥੈਂਪਟਨ, ਯੂ. ਕੇ.)

## ਵਿਸ਼ੇਸ਼ ਸੂਚਨਾ

ਸੰਪਾਦਕੀ-ਮੰਡਲ ਨੇ ਅਪ੍ਰੈਲ-ਜੂਨ 1995 ਦਾ ਚਿਰਾਗ਼ ਦਾ ਵਿਸ਼ੇਸ਼ ਮਾਰਕਸਵਾਦੀ ਸੁਹਜ-ਸ਼ਾਸ਼ਤਰ ਅੰਕ ਪ੍ਰਕਾਸ਼ਤ ਕਰਨ ਦਾ ਫੈਸਲਾ ਕੀਤਾ ਹੈ। ਇਹ ਅੰਕ 100 ਸਫ਼ੇ ਤੋਂ ਵੱਧ ਦਾ ਹੋਵੇਗਾ ਤੇ ਇਸ ਨੂੰ ਕਿਤਾਬੀ ਸ਼ਕਲ ਵੀ ਦਿੱਤੀ ਜਾਵੇਗੀ। ਹੇਠ ਲਿਖੇ ਪੰਜਾਬੀ ਤੇ ਹਿੰਦੀ ਦੇ ਵਿਦਵਾਨਾਂ ਨੂੰ ਲੇਖ ਲਿਖਣ ਦੀ ਬੇਨਤੀ ਕੀਤੀ ਗਈ ਹੈ। ਇਹ ਲੇਖ ਸਾਡੇ ਕੋਲ ਨਵੰਬਰ 1994 ਦੇ ਅੰਤ ਤੀਕ ਪਹੁੰਚ ਜਾਣੇ ਚਾਹੀਦੇ ਹਨ।

ਡਾ; ਕੇਸਰ ਸਿੰਘ ਕੇਸਰ, ਡਾ: ਰਘਬੀਰ ਸਿੰਘ ਸਿਰਜਣਾ, ਡਾ: ਗੁਰਬਖਸ਼ ਸਿੰਘ ਫਰੈਂਕ, ਡਾ: ਸੁਰਜੀਤ ਭੱਟੀ, ਡਾ. ਟੀ.ਆਰ. ਵਿਨੋਦ, ਡਾ: ਕਰਮਜੀਤ, ਡਾ: ਸੁਖਦੇਵ ਸਿੰਘ, ਡਾ: ਸਵਰਨ ਚੰਦਨ, ਡਾ: ਜਸਪਾਲ ਸਿੰਘ, ਡਾ: ਚਮਨ ਲਾਲ ਪ੍ਰਭਾਕਰ, ਡਾ: ਅਨੂਪ ਸਿੰਘ, ਡਾ: ਤੇਜਵੰਤ ਗਿੱਲ, ਡਾ: ਓਮ ਪ੍ਰਕਾਸ਼ ਗਰੇਵਾਲ, (ਕੁਰੂਕਸ਼ੇਤਰ), ਡਾ: ਪ੍ਰਦੀਪ ਸਕਸੈਨਾ (ਅਲੀਗੜ੍ਹ), ਡਾ: ਚੰਚਲ ਚੌਹਾਨ (ਦਿੱਲੀ), ਪਿਆਰਾ ਸਿੰਘ ਸਹਿਰਾਈ. ਡਾ: ਰਮੇਸ਼ ਕੁੰਤਲ ਮੇਘ (ਲਖਨਊ), ਸ੍ਰੀ ਇੰਦਰ ਨਾਥ ਬੈਨਰਜੀ (ਕਲਕੱਤਾ), ਸ੍ਰੀ ਨਜ਼ਮ ਹੁਸੈਨ ਸੱਯਦ (ਲਾਹੌਰ), ਡਾ: ਸਾਧੂ ਸਿੰਘ (ਕੈਨੇਡਾ)। ਇਸ ਤੋਂ ਬਿਨਾਂ ਪ੍ਰਸਿੱਧ ਮਾਰਕਸਵਾਦੀ ਚਿੰਤਕਾਂ ਦੇ ਅਨੁਵਾਦਿਤ ਲੇਖ, ਟਿੱਪਣੀਆਂ ਵੀ ਸ਼ਾਮਿਲ ਕੀਤੀਆਂ ਜਾਣਗੀਆਂ। ਇਹ ਅੰਕ ਦੋ ਅੰਕਾਂ ਨੂੰ ਇਕੱਠਾ ਕਰਕੇ ਛਾਪਿਆ ਜਾਵੇਗਾ ਤੇ ਇਸ ਦੀ ਕੀਮਤ 20/- ਰੁਪਏ ਹੋਵੇਗੀ।

—ਹਰਭਜਨ ਸਿੰਘ ਹੁੰਦਲ, ਸੰਪਾਦਕ 'ਚਿਰਾਗ਼'





## ਕਾਂਡ-2

ਡਾ. ਅਯੂਬ ਮਿਰਜ਼ਾ

ਫ਼ੈਜ਼ ਸਾਹਿਬ ਸਾਡੇ ਬਜ਼ੁਰਗ ਦੋਸਤ ਹਨ। ਭਾਵੇਂ ਉਹ ਇਹ ਮੰਨਣ ਨੂੰ ਤਿਆਰ
ਨਹੀਂ ਕਿ ਉਹ ਬਜ਼ੁਰਗ ਹਨ, ਤਾਂ ਵੀ ਦੁਨੀਆਂ ਮੰਨਦੀ ਹੈ ਕਿ ਉਹ ਵਿਦਿਆ ਅਤੇ
ਕਲਾ ਵਿਚ ਬਜ਼ੁਰਗ ਹਨ। ਉਨ੍ਹਾਂ ਬਾਰੇ ਗਲਬਾਤ ਕਰਨੀ ਸੌਖੀ ਨਹੀਂ—ਪਰ ਏਨੀ
ਮੁਸ਼ਕਿਲ ਵੀ ਨਹੀਂ। ਦਫ਼ਤਰ ਦੇ ਚਪੜਾਸੀ ਤੋਂ ਲੈ ਕੇ ਕਾਰ ਡਰਾਈਵਰ ਤਕ, ਕਵੀਆਂ
ਤੇ ਵਿਦਵਾਨਾਂ ਤੋਂ ਲੈ ਕੇ ਉਨ੍ਹਾਂ ਕੁਆਰੀਆਂ ਕੁੜੀਆਂ ਤਕ ਜਿਨ੍ਹਾਂ ਦੇ ਉਹ ਮਸਲੇ ਹੱਲ
ਕਰ ਦਿੰਦੇ ਹਨ (ਮੁਫ਼ਤ ਤੇ ਸ਼ਰਤੀਆ ਮਸ਼ਵਰੇ ਦੇ ਕੇ) ਤੇ ਸੁਲਝਾਉਂਦੇ ਰਹਿਣਗੇ, ਇਹ
ਸਾਰੇ ਲੋਕ ਫ਼ੈਜ਼ ਸਾਹਿਬ ਬਾਰੇ ਗੱਲ-ਬਾਤ ਕਰ ਸਕਦੇ ਹਨ। ਮੈਂ ਇਨ੍ਹਾਂ ਚੋਂ ਕਿਸੇ ਸ਼੍ਰੇਣੀ
ਵਿਚ ਵੀ ਨਹੀਂ ਆਉਂਦਾ। ਪਰ ਗੱਲ ਤਾਂ ਮੈਂ ਵੀ ਕਰਨੀ ਹੈ।

ਇਕ ਠੰਢੀ ਦੁਪਹਿਰ ਨੂੰ ਅਸੀਂ ਦੋਵੇਂ ਪੀ. ਐਨ. ਸੀ. ਏ. (PNCA) ਦੇ
ਦਫ਼ਤਰ ਤੋਂ ਨਿਕਲੇ। ਫੈਜ਼ ਸਾਹਿਬ ਲੰਚ ਖੁਆਉਣ ਲਈ ਮੈਨੂੰ ਘਰ ਲੈ ਗਏ। ਐਲਿਸ
ਕੁਝ ਉਜੜੇ ਹੋਏ ਲੋਕਾਂ ਨੂੰ ਮੁੜ ਵਸਾਉਣ ਲਈ ਸ਼ੱਕਰ-ਗੜ੍ਹ ਜਾ ਚੁੱਕੀ ਸੀ। ਡਰਾਇੰਗ
ਰੂਮ ਵਿਚ ਫ਼ੈਜ਼ ਸਾਹਿਬ ਪੂਰੇ ਵਿਸ਼ਵਾਸ਼ ਨਾਲ ਚਾਰੇ ਪਾਸੀਂ ਘੁੰਮ ਰਹੇ ਸਨ, ਜਿਵੇਂ ਕੋਈ
ਆਪਣੇ ਘਰ ਵਿਚ ਘੁੰਮਦਾ ਹੈ। ਕਦੀ ਇਕ ਕਮਰੇ ਵਿਚ, ਕਦੀ ਦੂਸਰੇ ਵਿਚ, ਕਦੀ
ਰਸੋਈ ਵਿਚ ਤੇ ਕਦੀ ਡਰਾਇੰਗ ਰੂਮ ਵਿਚ —ਇਕ ਬੇਕਰਾਰ ਚੀਤੇ ਵਾਂਗ ਜੋ ਸ਼ਿਕਾਰ
ਦੀ ਭਾਲ ਵਿਚ ਹੋਵੇ। ਮੈਂ ਸੋਫੇ ਤੇ ਬੈਠ ਗਿਆ ਤੇ ਪੁੱਛਿਆ : ਫੈਜ਼ ਸਾਹਿਬ, ਕੀ ਗਲ ਹੈ ?
ਕਹਿਣ ਲੱਗੇ : ਐਲਿਸ ਨੇ ਇਕ ਵਧੀਆ ਤੇ ਸੁਆਦੀ ਬ੍ਰਾਂਡੀ ਮੰਗਵਾਈ ਸੀ। ਥੋੜ੍ਹੀ ਜੇਹੀ
ਬਚ ਗਈ ਸੀ। ਦਿਲ ਕਰਦਾ ਹੈ ਇਸ ਠੰਢ ਵਿਚ ਕੁਝ ਤੈਨੂੰ ਵੀ ਦਿਆਂ ਤੇ ਫਿਰ ਖਾਣਾ
ਖਾਈਏ। ਮੈਂ ਧੰਨਵਾਦ ਕੀਤਾ ਤੇ ਕਿਹਾ ਕਿ ਉਹ ਰਹਿਣ ਦੇਣ। ਏਨੇ ਨੂੰ ਉਨ੍ਹਾਂ ਦਾ
ਹੱਥ ਇਕ ਅਲਮਾਰੀ ਨੂੰ ਪਿਆ ਜਿਸ ਵਿਚ ਬੋਤਲ ਐਲਿਸ ਤੋਂ ਡਰਦੀ ਸਹਿਮੀ ਬੈਠੀ
ਸੀ। ਉਨ੍ਹਾਂ ਝੱਟ ਬੋਤਲ ਚੁੱਕੀ ਤੇ ਸਾਡੇ ਅੰਦਰ ਦੀ ਸਰਦੀ ਦੂਰ ਹੋਣ ਲਗ ਪਈ।

ਜਦੋਂ ਕਾਫ਼ੀ ਗਰਮਾਇਸ਼ ਆ ਗਈ ਤਾਂ ਮੈਂ ਹਿੰਮਤ ਨਾਲ ਕਿਹਾ : ਡਾਕਟਰ ਹੋਣ
ਦੇ ਨਾਤੇ ਮੈਂ ਜਾਣਦਾ ਹਾਂ ਕਿ ਸ਼ਰਾਬ ਮਨੁੱਖ ਦੇ ਦਿਮਾਗ਼ ਨੂੰ ਖੁੰਢਾ ਕਰਦੀ ਹੈ ਤੇ ਇਸ
ਨਾਲ ਸੋਚ-ਵਿਚਾਰ ਰੁੜ੍ਹ ਜਾਂਦੀ ਹੈ। ਇਸ ਹਾਲਤ ਵਿਚ ਸ਼ਾਇਰੀ ਕਿਵੇਂ ਹੋ ਸਕਦੀ ਹੈ ?
ਕਹਿਣ ਲਗੇ : ਸ਼ਰਾਬ ਪੀ ਕੇ ਮਨੁੱਖ ਬਦ-ਮਸਤ ਜਾਂ ਬੇਹੋਸ਼ ਹੋ ਸਕਦਾ ਹੈ ਪਰ ਚੰਗੀ
ਕਵਿਤਾ ਨਹੀਂ ਲਿਖ ਸਕਦਾ। ਜਿਹੜੇ ਲੋਕ ਚੰਗੀ ਕਵਿਤਾ ਲਿਖਣ ਲਈ ਪੀਣ ਦਾ
ਦਾਅਵਾ ਕਰਦੇ ਹਨ, ਝੂਠ ਬੋਲਦੇ ਹਨ। ਸ਼ਰਾਬ ਅਤੇ ਚੰਗੀ ਕਵਿਤਾ ਜਾਂ ਕਲਾ ਦਾ
ਆਪਸੀ ਵੈਰ ਹੈ।

ਬੜੀ ਉੱਚੀ ਪੱਧਰ ਦੀ ਗਲ-ਬਾਤ ਹੋ ਰਹੀ ਸੀ ਕਿ ਅਚਾਨਕ ਬੂਹਾ ਖੁਲ੍ਹਾ ਤੇ

ਐਲਿਸ ਅੰਦਰ ਆ ਗਈ। ਹੈਲੋ ਹੈਲੋ ਪਿਛੋਂ ਥੱਕੀ ਹੋਈ ਐਲਿਸ ਵੀ ਸੋਫੇ ਤੇ ਬੈਠ ਗਈ। ਕੁਝ ਦੇਰ ਦੀ ਚੁੱਪ ਪਿਛੋਂ ਫ਼ੈਜ਼ ਸਾਹਿਬ ਨੇ ਮੈਨੂੰ ਪੁੱਛਿਆ ਕਿ ਸ਼ਹਿਰ ਦਾ ਕੀ ਹਾਲ ਹੈ। ਤੇ ਸ਼ਹਿਰ ਦਾ ਹਾਲ ਉਹੀ ਸੀ ਜਿਹੜਾ ਉਸ ਵੇਲੇ ਫ਼ੈਜ਼ ਸਾਹਿਬ ਦਾ ਸੀ।

ਮੈਂ ਕਿਹਾ ਕਿ ਸ਼ਹਿਰ ਦੀ ਗਰਮ ਖਬਰ ਇਹ ਹੈ ਕਿ ਚਾਰ ਸ਼ਰਾਬੀ ਰੌਲਾ ਰੱਪਾ ਪਾਉਂਦੇ ਫੜੇ ਗਏ। ਕਹਿਣ ਲੱਗੇ ਸ਼ੋਰ-ਸ਼ਰਾਬਾ ਮਾੜੀ ਗੱਲ ਹੈ ਤੇ ਸ਼ਰਾਬ ਪੀ ਕੇ ਸ਼ਾਇਰੀ ਕਰਨ ਵਾਲੇ ਲੋਕ ਅਸਲ ਵਿਚ ਸ਼ੋਰ ਸ਼ਰਾਬਾ ਹੀ ਤਾਂ ਕਰਦੇ ਹਨ।

ਫ਼ੈਜ਼ ਸਾਹਿਬ ਜਦੋਂ ਮਨੀਲਾ ਤੋਂ ਮੁੜੇ ਤਾਂ ਮੈਂ ਉਨ੍ਹਾਂ ਨੂੰ ਹਵਾਈ ਅੱਡੇ ਤੇ ਲੈਣ ਗਿਆ। ਦੂਰੋਂ ਵੇਖਿਆ ਕਿ ਇਕ ਵਿਅਕਤੀ ਖੁਸ਼ੀ ਨਾਲ ਭਰਪੂਰ ਤੁਰਿਆ ਆ ਰਿਹਾ ਹੈ। ਇਕ ਪਲ ਲਈ ਮੈਂ ਸੋਚਿਆ ਕਿ ਇਹ ਫੈਜ਼ ਹੁਰੀਂ ਹੀ ਨਾ ਹੋਣ। ਫਿਰ ਸੋਚਿਆ ਕਿ ਏਨਾ ਚੁਸਤ ਆਦਮੀ ਫੈਜ਼ ਕਿਵੇਂ ਹੋ ਸਕਦਾ ਹੈ। ਇਹ ਕਿਸੇ ਹੋਰ ਮੰਜ਼ਿਲ ਦਾ ਰਾਹੀ ਜਾਪਦਾ ਹੈ। ਆਪੇ ਚਲਾ ਜਾਏਗਾ। ਪਰ ਇਹ ਫੈਜ਼ ਸਾਹਿਬ ਹੀ ਸਨ। ਖੂਬਸੂਰਤ ਅੱਖਾਂ ਵਾਲੇ, ਧਾਰੀਦਾਰ ਸੂਟ, ਕਤਲ ਕਰਦੀ ਹੋਈ ਟਾਈ, ਧਾਰੀਦਾਰ ਕਮੀਜ਼, ਕੋਟ ਦੀ ਉਪਰਲੀ ਜੇਬ ਵਿਚ (ਜਿੱਥੇ ਕਿਸੇ ਜ਼ਮਾਨੇ ਵਿਚ ਕਲਮ ਰਖਦੇ ਹੁੰਦੇ ਸੀ) ਇਕ ਮੇਲ ਖਾਂਦਾ ਰੁਮਾਲ (ਜੇਬ ਤੋਂ ਦੋ ਕੁ ਉਂਗਲਾਂ ਬਾਹਰ), ਜੁਤੀ ਜਿਵੇਂ ਕਿਸੇ ਫੌਜੀ ਨੇ ਪਾਲਿਸ਼ ਕੀਤੀ ਹੋਈ ਹੋਵੇ, ਚਿਹਰੇ ਤੇ ਕਹਿਰਾਂ ਦੀ ਸ਼ੋਖੀ, ਬਸ ਸਿਰਫ ਅੱਖਾਂ ਵਿਚ ਸੁਰਮੇ ਦੀ ਘਾਟ ਸੀ। ਇਹ ਘਾਟ ਉਨ੍ਹਾਂ ਵਿਚਲੀ ਮਸਤੀ ਨੇ ਪੂਰੀ ਕਰ ਦਿੱਤੀ ਸੀ। ਸੁਖ ਸਾਂਦ ਪੁੱਛਣ ਮਗਰੋਂ ਮੈਂ ਪੁੱਛਿਆ ਕਿ ਕੀ ਕਿੱਸਾ ਹੈ? ਤਾਂ ਬੋਲੇ : ਕਿਹੜਾ ਕਿੱਸਾ? ਮੈਂ ਉਨ੍ਹਾਂ ਦੇ ਸਿਰ ਤੋਂ ਪੈਰਾਂ ਤਕ ਦੇ ਲਿਬਾਸ ਵੱਲ ਇਸ਼ਾਰਾ ਕੀਤਾ। ਹਸਦੇ ਹੋਏ ਕਹਿਣ ਲਗੇ : ਭਈ ਦੋ ਗੱਲਾਂ ਹੋਈਆਂ ਹਨ। ਪਹਿਲੀ ਗੱਲ ਇਹ ਕਿ ਮੈਂ ਮਨੀਲਾ ਗਿਆ ਸੀ ਤੇ ਉਥੇ ਇਕ ਉਚੀ ਜ਼ਾਤ ਦੀ ਔਰਤ ਨਾਲ ਦੋਸਤੀ ਹੋ ਗਈ। ਉਹ ਸੁੰਦਰੀ ਕਲਚਰ ਦੀ ਸ਼ੌਕੀਨ ਹੈ ਤੇ ਮੇਰੀ ਸ਼ਾਇਰੀ ਵੱਲ ਰੁਚਿਤ ਹੋ ਗਈ, ਦੂਜੀ ਗੱਲ ਇਹ ਕਿ ਵਾਪਸੀ ਤੇ ਹਾਂਗ ਕਾਂਗ ਅਜ਼ਫਰ ਦੇ ਕੋਲ ਰੁਕਿਆ ਸਾਂ। ਇਹ ਸਭ ਕੁਝ ਉਹੀ ਕਰਦਾ ਰਿਹਾ। ਮੈਂ ਸੋਚਿਆ ਕਰੀ ਜਾਵੇ। ਮੈਂ ਤਾਂ ਕੁਝ ਵੀ ਨਹੀਂ ਕੀਤਾ। ਮੈਂ ਤਾਂ ਸਗੋਂ ਉਹਨੂੰ ਰੋਕਦਾ ਰਿਹਾ, ਪਰ ਉਹ ਜੱਟ ਕਦੋਂ ਬਾਜ਼ ਆਉਣ ਵਾਲਾ। ਹਰ ਰੋਜ਼ ਹਜਾਮਤ ਪਿਛੋਂ ਆਫਟਰ-ਸ਼ੇਵ ਲੋਸ਼ਨ ਤੇ ਫਿਰ ਸ਼ਾਮ ਸਵੇਰੇ ਵਧੀਆ ਤੋਂ ਵਧੀਆ ਇਤਰ। ਤੈਨੂੰ ਪਤਾ ਹੀ ਹੈ ਉਹ ਕਿੰਨਾ ਬਾ-ਜ਼ੌਕ ਬੰਦਾ ਹੈ। ਇਸ ਵਿਚ ਮੇਰਾ ਅਸਲੋਂ ਕੋਈ ਕਸੂਰ ਨਹੀਂ। ਫੈਜ਼ ਨੂੰ ਇਸ ਮਜ਼ੇ 'ਚ ਵੇਖ ਕੇ ਮੈਨੂੰ ਮੀਆਂ ਮੁਹੰਮਦ ਦਾ ਇਹ ਮਿਸਰਾ ਬੇਅਰਥ ਲੱਗਣ ਲੱਗਾ :

'ਉਚੀ ਜਾਈ ਨਿਹੁੰ ਲਗਾਇਆ, ਬਣੀ ਮੁਸੀਬਤ ਭਾਰੀ' ਅਤੇ ਫਿਰ ਚਰਾਗ਼ਦੀਨ ਤਰਖਾਣ ਤੇ ਤਰਸ ਆਇਆ, ਜਿਹੜਾ ਕਈ ਸਾਲਾ ਤੋਂ ਫੈਜ਼ ਸਾਹਿਬ ਤੇ ਆਸ਼ਕ ਹੈ। ਜਿਥੇ ਵੀ ਜਾਂਦੇ ਨੇ ਉਹ ਉਨ੍ਹਾਂ ਦੇ ਨਾਲ ਜਾਣ ਲਈ ਮਿੰਨਤਾ ਕਰਦਾ ਹੈ ਅਤੇ ਮਾਣ ਨਾਲ ਕਹਿੰਦਾ ਹੈ ਕਿ ਉਹ ਤਾਂ ਆਪਣੇ ਫੈਜ਼ ਸਾਹਿਬ ਨਾਲ ਹੁੰਦਾ ਹੈ, ਜਿਥੇ ਉਹ, ਉਥੇ ਅਸੀਂ।



ਰਾਣੀਆਂ ਤੋਂ ਲੈ ਕੇ ਮਿਹਤਰਾਣੀਆਂ (ਝਾੜੂ ਦੇਣ ਵਾਲੀਆਂ) ਤਕ ਸਭ ਫੈਜ਼ ਸਾਹਿਬ ਦੇ ਇਸ਼ਕ ਵਿਚ ਕੈਦ।

ਫੈਜ਼ ਸਾਹਿਬ ਇਕ ਦਿਨ ਕਲਚਰ ਦੇ ਮੂਡ ਵਿਚ ਸਨ। ਐਲਿਸ ਅਤੇ ਬੇਗਮ ਅੱਨੀਸ ਨੂੰ ਦੇਸ਼ ਦੇ ਕੋਨੇ-ਕੋਨੇ ਚੋਂ ਕਲਚਰ ਇਕੱਠਾ ਕਰਨ ਲਈ ਕਿਹਾ। ਉਨ੍ਹਾਂ ਨੂੰ ਫਿਕਰ ਸੀ ਕਿ ਸਾਡਾ ਵਿਰਸਾ ਲਾਵਾਰਿਸ ਪਿਆ ਹੈ। ਬਾਹਰਲੇ ਮੁਲਕਾਂ ਦੇ ਸੈਲਾਨੀ ਬੇਸ਼ੁਮਾਰ ਅਦੁੱਤੀ ਚੀਜ਼ਾਂ ਖਰੀਦ ਕੇ ਲੈ ਗਏ ਹਨ। ਦੋਵੇਂ ਬੀਬੀਆਂ ਬੜੀ ਹਿੰਮਤ ਤੇ ਮਿਹਨਤ ਨਾਲ ਕਲਚਰ ਦੀਆਂ ਕਈ ਚੀਜ਼ਾਂ ਇਕੱਠੀਆਂ ਕਰ ਲਿਆਈਆਂ। ਫੈਜ਼ ਸਾਹਿਬ ਨੇ ਸਿਕੰਦਰ ਵਾਲੇ ਵਿਜੱਈ ਅੰਦਾਜ਼ ਵਿਚ ਮੈਨੂੰ ਬੁਲਵਾਇਆ ਤੇ ਕਿਹਾ : ਆਓ ਭਈ ਕੁਝ ਵਿਖਾਈਏ। ਮੈਂ ਪਹੁੰਚ ਗਿਆ। ਵੇਖਿਆ ਤਾਂ ਇਕ ਪੁਰਾਣੀ ਮੰਜੀ, ਪੀੜ੍ਹੀ, ਦਰਵਾਜ਼ਾ, ਖਿੜਕੀ, ਖੜਾਵਾਂ, ਕੁੜਤੇ, ਝੱਗੇ, ਚਾਦਰਾਂ, ਤੰਬੀਆਂ ਤੇ ਟੋਪੀਆਂ, ਚਾਂਦੀ ਦੀਆਂ ਹੰਸਲੀਆਂ, ਕੰਨਾਂ ਦੀਆਂ ਵਾਲੀਆਂ, ਮਣਕੇ ਤੇ ਮਣਕਿਆਂ ਦੇ ਹਾਰ, ਸਿੱਪੀਆਂ, ਚੂੜੇ, ਚੂੜੀਆਂ, ਢੋਲ ਢਮੱਕੇ, ਮਿੱਟੀ ਦੇ ਪਿਆਲੇ, ਹਾਂਡੀਆਂ, ਤੀਰ ਤੇ ਨੇਜ਼ੇ, ਤਲਵਾਰਾਂ ਤੇ ਢਾਲਾਂ। ਏਥੋਂ ਤੱਕ ਕਿ ਮਸਤ ਊਠਾਂ ਦੇ ਮੂੰਹ ਬੰਦ ਕਰਨ ਵਾਲੇ ਛਿੱਕੇ ਵੀ। ਫੈਜ਼ ਸਾਹਿਬ ਕਹਿਣ ਲੱਗੇ : ਕੀ ਖਿਆਲ ਹੈ? ਮੈਂ ਕਿਹਾ : ਫੈਜ਼ ਸਾਹਿਬ, ਤੁਸੀਂ ਕੌਂਸਲ ਦਾ ਸਹਾਰਾ ਲੈ ਕੇ ਭਵਿੱਖ ਦੇ ਗਰੀਬਾਂ ਦੀ ਮੁਹੱਬਤ ਦੀ ਖਿੱਲੀ ਉਡਾਈ ਹੈ। ਕੀ ਤੁਸੀਂ ਇਹਨੂੰ ਕਲਚਰ ਦਾ ਵਿਰਸਾ ਕਹਿੰਦੇ ਹੋ? ਇਸ ਦੌਰ ਦੇ ਲੋਕਾਂ ਨੂੰ ਜਿਹੜਾ ਕਸ਼ਟ ਸਹਿਣਾ ਪਿਆ ਉਹਦੇ ਨਿਸ਼ਾਨ ਇਸ ਵਿਰਸੇ ਵਿਚ ਨਜ਼ਰ ਨਹੀਂ ਆਉਂਦੇ। ਚੱਕੀ ਦੇ ਉਹ ਦੋ ਪੁੜ ਕਿੱਥੇ ਨੇ ਜਿਹਨਾਂ ਵਿਚ ਆਮ ਲੋਕ ਪਿਸਦੇ ਰਹੇ ਨੇ? ਉਹ ਸੂਏ ਕਿੱਥੇ ਨੇ ਜਿਹਨਾਂ ਨਾਲ ਸੱਚ ਕਹਿਣ ਵਾਲਿਆਂ ਦੀਆਂ ਅੱਖਾਂ ਅੰਨ੍ਹੀਆਂ ਕੀਤੀਆਂ ਜਾਂਦੀਆਂ ਸਨ। ਮੈਂ ਜ਼ਰਾ ਭਾਵੁਕ ਹੋ ਗਿਆ ਸਾਂ। ਫੈਜ਼ ਸਾਹਿਬ ਬੋਲੇ : ਦਿਮਾਗ਼ ਤਾਂ ਨਹੀਂ ਖਰਾਬ ਹੋ ਗਿਆ, ਤੇਰਾ? ਜਿਹਦੀ ਭਾਲ ਵਿਚ ਥੱਕੇ-ਟੁੱਟੇ ਪੈਰਾਂ ਵਾਲੇ ਯਾਰ ਟੁਰੇ ਸਨ, ਉਹ ਮੰਜ਼ਿਲ ਵੀ ਆ ਜਾਵੇਗੀ। ਸਮਾਂ ਆਉਣ ਤੇ ਇਹ ਵੀ ਹੋ ਜਾਏਗਾ। ਅਜੇ ਕੁਝ ਤਾਂ ਹੋਵੇ। ਕਲਚਰ ਨਾਮ ਦੀ ਕੋਈ ਸ਼ੈ ਸਾਡੇ ਨਾ ਮੰਨੀ ਤੇ ਨਾ ਸਮਝੀ ਜਾਂਦੀ ਸੀ। ਚਲੋ ਗੱਲ ਤੁਰੀ ਤਾਂ ਹੈ। ਵਿਸ਼ਵਾਸ ਅਤੇ ਮਜ਼੍ਹਬ ਦੋਵੇਂ ਕਲਚਰ ਦੇ ਅਹਿਮ ਹਿੱਸੇ ਹਨ। ਕਲਚਰ ਤੇ ਇਹਨਾਂ ਦੀ ਗੂੜ੍ਹੀ ਛਾਪ ਹੁੰਦੀ ਹੈ। ਪਰ ਕਲਚਰ ਦੇ ਬੁਨਿਆਦੀ ਹਿੱਸੇ ਹੋਰ ਵੀ ਹਨ। ਮਿਸਾਲ ਵਜੋਂ ਮਿਸਰ ਦੇ ਮੁਸਲਮਾਨਾਂ ਦਾ ਕਲਚਰ ਉਹ ਨਹੀਂ ਜਿਹੜਾ ਪਾਕਿਸਤਾਨ ਦੇ ਮੁਸਲਮਾਨਾਂ ਦਾ ਹੈ। ਭਾਵੇਂ ਦੋਵਾਂ ਦਾ ਮਜ਼੍ਹਬ ਇਕੋ ਹੈ ਤੇ ਇਹਨਾਂ ਵਿਚ ਕੁਝ ਚੀਜ਼ਾਂ ਹੋਰ ਵੀ ਸਾਂਝੀਆਂ ਹਨ। ਹਰ ਸਮਾਜ ਦਾ ਕਲਚਰ ਭੂਗੋਲਕ ਹੱਦਾਂ ਦੇ ਅੰਦਰ ਵਿਸ਼ੇਸ਼ ਰਹਿਣੀ ਬਹਿਣੀ, ਪੌਣ-ਪਾਣੀ ਦੇ ਅਸਰਾਂ ਤੇ ਪੈਦਾਵਾਰੀ ਰਿਸ਼ਤਿਆਂ 'ਚੋਂ ਪੈਦਾ ਹੁੰਦਾ ਹੈ। ਸ਼ੈਤਾਨ ਲੋਕ ਜਿਹਨਾਂ ਨੇ ਫਤਵੇ ਦੇ ਆਪਣੀ ਦੁਕਾਨ ਚਮਕਾਉਣੀ ਹੁੰਦੀ ਹੈ, ਮਸਲਿਆਂ ਨੂੰ ਸੁਲਝਾਉਣ ਦੀ ਬਜਾਏ ਉਲਝਾਉਣ ਦੀ ਜ਼ਿਆਦਾ ਚਿੰਤਾ ਕਰਦੇ ਹਨ।

ਮੈਂ ਫੈਜ਼ ਸਾਹਬ ਨੂੰ ਪੁੱਛਿਆ : ਇਹ ਜਿਹੜਾ ਇਕਬਾਲ ਪਾਰਕ ਵਿਚ 'ਮੀਨਾਰਿ

ਪਾਕਿਸਤਾਨ' ਖੜਾ ਕੀਤਾ ਗਿਆ ਹੈ ਇਹਦੀ ਕਲਚਰ ਵਿਚ ਕੀ ਥਾਂ ਹੈ ? ਉਹ ਬੋਲੇ : ਭਾਈ, ਇਹ ਅਸੀਂ ਥੋੜ੍ਹਾ ਖੜਾ ਕੀਤਾ ਹੈ, ਪੁੱਛ ਉਹਨਾਂ ਨੂੰ ਜਿਹਨਾਂ ਨੇ ਖੜਾ ਕੀਤਾ ਹੈ। ਮੈਂ ਕਿਹਾ : ਇਹ ਮੀਨਾਰ ਨਾ ਤਾਂ ਅਲਾਮਾ ਇਕਬਾਲ ਦੀ ਯਾਦ ਤਾਜ਼ਾ ਕਰਦਾ ਹੈ ਨਾ ਕਾਇਦਿ ਆਜ਼ਮ ਤੇ ਨਾ ਹੀ ਪਾਕਿਸਤਾਨ ਦੀ ਯਾਦ ਤਾਜ਼ਾ ਕਰਦਾ ਹੈ। ਕਹਿਣ ਲੱਗੇ : ਇਸ ਵਿਚ ਦੋ ਚੀਜ਼ਾਂ ਹੀ ਤਾਂ ਹੈਣ—ਇਕ ਮੀਨਾਰ ਤੇ ਇਕ ਪਾਕਿਸਤਾਨ। ਮੀਨਾਰ ਉੱਪਰ ਜਾ ਰਿਹਾ ਹੈ ਤੇ ਪਾਕਿਸਤਾਨ ਫਲੈਟ ਹੁੰਦਾ ਜਾ ਰਿਹਾ ਹੈ। ਸ਼ਾਹੀ ਮਸਜਦ ਵੀ ਸਮਝ ਵਿਚ ਆਉਂਦੀ ਹੈ, ਇਹਦੀ ਆਪਣੀ ਥਾਂ ਹੈ। ਦਾਤਾ ਦਰਬਾਰ ਦਾ ਵੀ ਆਪਣਾ ਮੁਕਾਮ ਹੈ। ਇਥੇ ਇਕ ਬਜ਼ੁਰਗ ਦਫਨਾਇਆ ਗਿਆ ਹੈ। ਇਹ ਲਾਹੌਰ ਦੇ ਬੇਸ਼ੁਮਾਰ ਫਕੀਰਾਂ ਦਾ ਪੇਟ ਭਰਦਾ ਹੈ ਅਤੇ ਅਮੀਰ, ਰਈਸ ਤੇ ਬੜੇ-ਬੜੇ ਪਾਪੀ ਦਾਤਾ ਦੇ ਦਰਬਾਰ ਮੰਨਤਾਂ ਮੰਗਣ ਦੇ ਵਸੀਲੇ ਆਪਣੇ ਕੁਕਰਮਾਂ ਦਾ ਇਕਬਾਲ ਕਰਦੇ ਹਨ ਅਤੇ ਦੂਸਰੇ ਦਿਨ ਨਵੇਂ ਗੁਨਾਹ ਕਰਨੇ ਸ਼ੁਰੂ ਕਰਦੇ ਹਨ। ਇਹ ਸਭ ਕੁਝ ਸਮਝ ਆਉਂਦਾ ਹੈ। ਪਰ ਮੀਨਾਰਿ ਪਾਕਿਸਤਾਨ ਦੀ ਗੱਲ ਸਮਝ ਨਹੀਂ ਪੈਂਦੀ।

ਇਕ ਦਿਨ ਫੈਜ਼ ਤੇ ਮੈਂ ਨਸ਼ੇ ਵਿਚ ਸਾਂ। ਮੈਂ ਪੁੱਛਿਆ ਕਿ ਜੇਲ੍ਹਖਾਨੇ ਬਾਰੇ ਕੀ ਖਿਆਲ ਹੈ ? ਕਹਿਣ ਲੱਗੇ : ਜੇਲ੍ਹਖਾਨਾ ਅਜੀਬ ਸ਼ੈ ਹੈ। ਜੇਲ੍ਹ ਵੀ ਇਕ ਅਜੀਬ ਕਿਸਮ ਦਾ ਬੁਨਿਆਦੀ ਤਜਰਬਾ ਹੈ। ਇਸ ਤਜਰਬੇ ਦੇ ਇਹਸਾਸ ਉਸ ਬੰਦੇ ਨੂੰ ਨਹੀਂ ਸਮਝਾਏ ਜਾ ਸਕਦੇ ਜੀਹਨੇ ਦੁਖ-ਭੰਜਨੀ ਲੱਜ਼ਤ ਨਾ ਚੱਖੀ ਹੋਵੇ। ਜੇਲ੍ਹ ਵਿਚ ਮਨੁੱਖ ਹੈਰਾਨ ਹੁੰਦਾ ਹੈ ਕਿ ਕੀ ਤੋਂ ਕੀ ਹੋ ਗਿਆ। ਪਹਿਲਾਂ ਜਨੂੰਨ ਦਾ ਜੋਸ਼ ਤੇ ਫਿਰ ਆਦਰਸ਼ਵਾਦ ਦੀ ਟੀਸੀ ਦਾ ਮਾਣ। ਫਿਰ ਅਹਿਸਾਸ ਬੇਕਾਰ ਹੋ ਜਾਣੇ, ਫਿਰ ਸਾਥੀਆਂ, ਗੁਆਂਢੀਆਂ ਕੰਧਾਂ, ਸੀਖਾਂ ਨਾਲ ਪਿਆਰ ਤੇ ਫਿਰ ਉਕਸਾਹਟ ਤੇ ਬੇਉਮੀਦੀ। ਫਿਰ ਚੰਨ, ਤਾਰਿਆਂ, ਰੌਸ਼ਨੀ ਤੇ ਸਵੇਰ ਨਾਲ ਮੁਹੱਬਤ।

ਬੁਝਾ ਜੋ ਰੌਜ਼ਨਿ-ਜ਼ਿੰਦਾਂ ਤੋ ਦਿਲ ਯਿਹ ਸਮਝਾ ਹੈ
ਕਿ ਤੇਰੀ ਮਾਂਗ ਸਿਤਾਰੋਂ ਸੇ ਭਰ ਗਈ ਹੋਗੀ।
ਚਮਕ ਉਠੇ ਹੈਂ ਸਲਾਸਿਲ ਤੋ ਹਮ ਨੇ ਜਾਨਾ ਹੈ,
ਕਿ ਅਬ ਸਹਰ ਤਿਰੇ ਰੁਖ਼ ਪਰ ਬਿਖਰ ਗਈ ਹੋਗੀ।
ਗ਼ਰਜ਼ ਤਸੱਵਰ ਸ਼ਾਮੋਂ-ਸਹਰ ਮੇਂ ਜੀਤੇ ਹੈਂ,
ਗ੍ਰਿਫ਼ਤਿ ਸਾਇਆ-ਇ ਦੀਵਾਰੋ-ਦਰ ਮੇਂ ਜੀਤੇ ਹੈਂ।

ਮੈਂ ਕਿਹਾ ਜੇਲ੍ਹ ਦੀ ਜ਼ਿੰਦਗੀ ਦੇ ਉਹ ਮਹੱਤਵ-ਭਰਪੂਰ ਕਿੱਸੇ ਸੁਣਾਓ ਜਿਹੜੇ ਤੁਸੀਂ ਕਦੀ ਵੀ ਭੁੱਲ ਨਹੀਂ ਸਕੋਗੇ। ਕਹਿਣ ਲੱਗੇ ਭਈ ਦੋ ਨੇ। ਨਹੀਂ, ਨਹੀਂ ਤਿੰਨ : ਸਾਨੂੰ ਜੀਵਨ ਵਿਚ ਬੜੇ ਤੋਹਫ਼ੇ ਮਿਲੇ – ਬੋਤਲਾਂ ਵੀ ਮਿਲੀਆਂ। ਇਕ ਦਿਨ ਜੇਲ੍ਹ ਵਿਚ ਇਕ ਨਿੱਕੀ ਜੇਹੀ ਸ਼ੀਸ਼ੀ ਵੀ ਮਿਲੀ ਕਿਸੇ ਅਜਨਬੀ ਇਸਤਰੀ ਵਲੋਂ। ਖੋਲ੍ਹੀ ਤਾਂ ਸਾਰੀ ਜੇਲ੍ਹ ਮਹਿਕ ਉੱਠੀ। ਅਸੀਂ ਵੀ ਮਚਲ ਗਏ। ਪੁੱਛਣ ਤੇ ਪਤਾ ਲੱਗਾ ਕਿ ਉਹ ਸਿੰਧਣ ਸੀ। ਮੈਂ ਜਾਣਦਾ ਹਾਂ ਤੂੰ ਉਹਦੇ ਸਾਰੇ ਖਾਨਦਾਨ ਨੂੰ ਜਾਣਦਾ ਹੈਂ। ਪਰ ਰਹਿਣ ਦਿਓ।



ਜੁਆਬ ਵਿਚ ਮੈਂ ਉਹਨੂੰ "ਹਬੀਬ ਅੰਬਰ ਦਸਤ" ਭੇਜੀ ਪਰ ਮੈਨੂੰ ਅੱਜ ਤੱਕ ਇਹ ਪਤਾ ਨਹੀਂ ਲੱਗਾ ਕਿ ਮੇਰਾ ਤੋਹਫਾ ਵਸੂਲ ਕਰਨ ਵਾਲੀ ਔਰਤ ਕੌਣ ਸੀ।

ਦੂਜੀ ਗੱਲ ਇਹ ਕਿ ਜਦੋਂ ਸੁਹਰਵਰਦੀ ਮੇਰਾ ਕੇਸ ਲੜ ਰਿਹਾ ਸੀ ਤਾਂ ਸਰਕਾਰੀ ਵਕੀਲ ਮੇਰੇ ਲਈ ਮੌਤ ਦੀ ਸਜ਼ਾ ਦੀ ਮੰਗ ਰਿਹਾ ਸੀ। ਇਕ ਦਿਨ ਸੁਹਰਾਵਰਦੀ ਨੇ ਮੈਨੂੰ ਕਿਹਾ : ਫੈਜ਼, ਤੂੰ ਕਿੱਦਾਂ ਦਾ ਕਵੀ ਏਂ ਕਿ ਇਹ ਸਰਕਾਰੀ ਵਕੀਲ ਤੇਰੇ ਲਈ ਬਾਰ-ਬਾਰ ਮੌਤ ਦੀ ਸਜ਼ਾ ਦੀ ਮੰਗ ਕਰ ਰਿਹਾ ਹੈ ਪਰ ਘਰ ਜਾ ਕੇ ਤੇਰੀਆਂ ਗ਼ਜ਼ਲਾਂ ਗਾਉਂਦਾ ਹੈ। ਸਿਰ ਹਿਲਾਉਂਦਾ ਹੈ ਤੇ ਫਿਰ ਰੋਂਦਾ ਹੈ ਤੇ ਕਹਿੰਦਾ ਹੈ ਕਿ ਇਹਦੇ ਤੋਂ ਪਿਛੋਂ ਏਦਾਂ ਦਾ ਸ਼ਾਇਰ ਕਿਥੋਂ ਲਿਆਵਾਂਗਾ। ਫਿਰ ਸ਼ੁਰੂ ਕਰ ਦੇਂਦਾ ਹੈ :

ਨਿਸਾਰ ਹੈਂ ਤਿਰੀ ਗਲੀਓਂ ਪੇ ਐ ਵਤਨ ਕਿ ਜਹਾਂ,
ਚਲੀ ਹੈ ਰਸਮ ਕਿ ਕੋਈ ਨਾ ਸਰ ਉਠਾ ਕੇ ਚਲੇ।
ਜੋ ਕੋਈ ਚਾਹਨੇ ਵਾਲਾ ਤਵਾਫ਼ ਕੋ ਨਿਕਲੇ
ਨਜ਼ਰ ਚੁਰਾ ਕੇ ਚਲੇ, ਜਿਸਮੋ-ਜਾਂ ਬਚਾ ਕੇ ਚਲੇ।
ਬਹੁਤ ਹੈ ਜ਼ੁਲਮ ਕੇ ਦਸਤਿ, ਬਹਾਨਾ-ਜੂ ਕੇ ਲੀਏ
ਜੋ ਚੰਦ ਅਹਿਲੇ ਜਨੂੰ ਤੇਰੇ ਨਾਮ ਲੇਵਾ ਹੈਂ
ਬਨੇ ਹੈਂ ਅਹਿਲੇ ਹਵਸ, ਮੁਦੱਈ ਭੀ, ਮੁਨਸਿਫ਼ ਭੀ
ਕਿਸੇ ਵਕੀਲ ਕਰੇਂ, ਕਿਸ ਸੇ ਮੁਨਸਫ਼ੀ ਚਾਹੇਂ।

ਤੀਜੀ ਗੱਲ : ਹੈਦਰਾਬਾਦ ਜੇਲ੍ਹ ਵਿਚ ਬੜੀ ਸਖਤੀ ਸੀ। ਦਮ ਲੈਣ ਦੀ ਖੁਲ੍ਹ ਨਹੀਂ ਸੀ। ਇਲਾਜ ਲਈ ਮੈਨੂੰ ਕਰਾਚੀ ਜੇਲ੍ਹ ਵਿਚ (1953 ਵਿਚ) ਬਦਲ ਦਿੱਤਾ ਗਿਆ। ਮੈਂ ਮੁਹੰਮਦ ਅਲੀ ਵਾਰਡ ਵਿਚ ਸੀ। ਇਹ ਉਹ ਸਮਾਂ ਸੀ ਜਦੋਂ ਕਾਦੀਆਂ ਵਾਲਿਆਂ ਦੇ ਵਿਰੁੱਧ ਤਹਿਰੀਕ ਜ਼ੋਰਾਂ ਤੇ ਸੀ ਅਤੇ ਕਾਫੀ ਵਿਦਵਾਨ ਜੇਲ੍ਹ ਜਾ ਚੁੱਕੇ ਸੀ। ਮੇਜਰ ਰਸ਼ੀਦ (ਮੇਰੇ ਦੋਸਤ ਡਾਕਟਰ ਭੀਕ ਦੇ ਵੱਡੇ ਭਾਈ) ਜੇਲ੍ਹ ਦੇ ਆਈ. ਜੀ. ਸਨ। ਉਹ ਮੇਰਾ ਕਾਫੀ ਖਿਆਲ ਰੱਖਦੇ ਸਨ। ਉਹਨਾਂ ਦੀ ਮਿਹਰ ਨਾਲ ਜੇਲ੍ਹ ਵਿਚ ਮੈਨੂੰ ਕਾਫੀ ਆਜ਼ਾਦੀ ਸੀ। ਜੇਲ੍ਹ ਦੇ ਦੂਜੇ ਖੂੰਜੇ (ਸੁਰਗਵਾਸੀ) ਹਸਨ ਨਾਸਰ ਕੈਦ ਸੀ। ਉਹਨੇ ਮੈਨੂੰ ਫੁੱਲ ਭੇਜੇ। ਮੈਂ ਉਹਦਾ ਮਰਸੀਆ ਵੀ ਲਿਖਿਆ ਹੈ ਨਾ। ਕੁਝ ਦਿਨਾਂ ਪਿਛੋਂ ਮੌਲਾਨਾ ਅਬਦੁਲ ਹਾਮਿਦ ਬਦਾਯੂਨੀ ਆ ਮਿਲੇ। ਮੌਲਾਨਾ (ਸੁਰਗਵਾਸੀ) ਨਾਲ ਮੇਰੀ ਪੁਰਾਣੀ ਵਾਕਫੀਅਤ ਸੀ। ਕਹਿਣ ਲੱਗੇ : ਚੰਗਾ ਹੋਇਆ ਤੁਸੀਂ ਏਥੇ ਆ ਗਏ ਹੋ, ਅਸੀਂ ਮੌਲਵੀਆਂ ਨਾਲ ਘਿਰੇ ਹੋਏ ਸਾਂ ਤੇ ਬੋਰ ਹੋ ਰਹੇ ਸਾਂ। ਗੱਪ-ਸ਼ਪ ਮਾਰਿਆ ਕਰਾਂਗਾ ਤਾਂ ਸ਼ਾਮ ਦਾ ਖਾਣਾ ਮੇਰੇ ਨਾਲ ਹੋਇਆ ਕਰੇਗਾ (ਮੌਲਾਨਾ ਦਾ ਖਾਣਾ ਘਰੋਂ ਆਉਂਦਾ ਸੀ) ਸ਼ਾਮ ਨੂੰ ਮਿਲੇ ਤੇ ਮੌਲਾਨਾ ਨੇ ਸ਼ਿਅਰ ਸੁਣਨ ਦੀ ਸਿਫਾਰਸ਼ ਕੀਤੀ। ਮੈਂ ਕਿਹਾ ਮੈਂ ਤਾਂ ਇਸ਼ਕ ਮੁਸ਼ਕ ਦੇ ਸ਼ਿਅਰ ਕਹਿੰਦਾ ਹਾਂ। ਮੌਲਾਨਾ ਹੱਸ ਕੇ ਕਹਿਣ ਲੱਗੇ : ਮੈਂ ਵੀ ਤਾਂ ਕਦੇ ਜੁਆਨ ਹੁੰਦਾ ਸੀ।

ਚੌਥੀ ਗੱਲ ਜੇਲ੍ਹ ਵਿਚ ਮੈਂ ਕੁਰਾਨ ਅਤੇ ਹਦੀਸ ਦੇ ਸਬਕ ਦੇਣੇ ਸ਼ੁਰੂ ਕਰ ਦਿੱਤੇ। ਇਕ ਨੌਜੁਆਨ ਕਰਨੈਲ (ਬੜਾ ਸੁੰਦਰ ਤੇ ਸੁਡੌਲ) ਜੋ ਮੈਨੂੰ ਨਾਸਤਕ ਸਮਝਦਾ ਸੀ, ਇਹ ਡਰਾਮਾ ਵੇਖ ਕੇ ਹੈਰਾਨ ਹੋ ਗਿਆ। ਇਕ ਦਿਨ ਉਹਨੇ ਮੈਨੂੰ ਇਕੱਲੇ ਨੂੰ ਪੁੱਛਿਆ : ਤੁਹਾਡਾ ਮਜ਼੍ਹਬ ਕੀ ਹੈ? ਮੈਂ ਕਿਹਾ ਉਹੀ ਜਿਹੜਾ ਮੌਲਾਨਾ ਰੂਮ ਦਾ ਸੀ। ਕਰਨੈਲ ਸਾਹਿਬ ਮੌਲਾਨਾ ਦਾ ਨਾਮ ਸੁਣ ਕੇ ਖ਼ੁਸ਼ ਹੋਇਆ ਤੇ ਕਹਿਣ ਲੱਗਾ : ਫਿਰ ਤਾਂ ਆਪਾਂ ਮੁਸਲਮਾਨ ਭਰਾ ਹਾਂ। ਤੁਸੀਂ ਸਬਕ ਚੰਗਾ ਦਿੰਦੇ ਹੋ। ਜੇਲ੍ਹ 'ਚੋਂ ਰਿਹਾਈ ਪਿਛੋਂ ਕਈ ਸਾਲਾਂ ਪਿਛੋਂ ਇਕੱਠੇ ਹੋਏ ਤਾਂ ਕਰਨੈਲ ਸਾਹਿਬ ਨੇ ਫਿਰ ਪੁੱਛਿਆ : ਫੈਜ਼ ਸਾਹਿਬ, ਮੌਲਾਨਾ ਰੂਮ ਦਾ ਮਜ਼੍ਹਬ ਕੀ ਸੀ? ਮੈਂ ਕਿਹਾ ਜਿਹੜਾ ਮੇਰਾ।

ਪੰਜਾਬੀ ਅਨੁਵਾਦ : ਨਰਿੰਜਨ ਸਿੰਘ ਨੂਰ

O

## ਗ਼ਜ਼ਲ / ਮੱਖਣ 'ਕੁਹਾੜ'

ਗਿਰਧਰ ਨੂੰ ਪੱਥਰ ਨਾ ਆਖੀਂ, ਬੇਸ਼ਕ ਪੱਥਰ ਨੂੰ ਕਹਿ ਗਿਰਧਰ,
ਰਹਿਬਰ ਬਣਦਾ ਬਣਦਾ ਕਿੱਧਰੇ, ਵੇਖੀਂ ਬਣ ਨਾ ਜਾਵੀਂ, ਕਾਫਰ।

ਨਿੱਤਰੇ ਪਾਣੀ ਵਿਚ ਨਹਾ ਲੈ, ਆਪਣਾ ਰੰਗ ਬਚਾਵਣ ਖਾਤਰ,
ਰੰਗਾਂ ਦੇ ਦਰਿਆ ਵਿਚ ਭਿੱਜ ਕੇ ਰੰਗ ਨਹੀਂ ਹੈ ਹੁੰਦਾ ਬਿਹਤਰ।

ਜੋਬਨ ਰੁੱਤੇ ਟੁੰਡ-ਮਰੁੰਡਾ ਹੋ ਗਿਆ ਜਿਹੜਾ ਅੰਬੀ ਬੂਟਾ,
ਉਸ ਲਈ ਤਾਂ ਹਾੜ ਜਿਹੇ ਨੇ, ਸਾਵਣ, ਫੱਗਣ, ਅੱਸੂ, ਚੇਤਰ।

ਦੂਰ ਗਗਨ ਵਿਚ ਉੱਡਦੀਏ ਚਿੜੀਏ, ਤੈਨੂੰ ਕਿੰਝ ਇਹ ਗੱਲ ਸਮਝਾਈਏ,
ਛਿਕਰਾ ਰੱਖਦਾ ਹੈ ਤੇਰੇ ਤੇ, ਹਰਦਮ, ਸਾਵੀਂ ਸਖਤ ਨਜ਼ਰ।

ਬੱਚੇ ਨੇ ਤਾ ਆਪਣੇ ਰੌਂਅ ਵਿਚ ਹੀ ਇਕ ਮਾਰੀ ਸੀ ਕਿਲਕਾਰੀ,
ਪਲ ਵਿਚ ਅੱਗ ਬਬੂਲਾ ਹੋ ਗਿਆ, ਖਵਰੇ ਕਿਹੜੀ ਗੱਲੋਂ ਅੰਬਰ।

ਨਿੱਕੇ ਹੁੰਦਿਆਂ, ਜਿਹੜੀ ਨਹਿਰ 'ਚ, ਖ਼ੂਬ ਸਾਂ ਆਪਾਂ ਚੁੱਭੀਆਂ ਲਾਉਂਦੇ,
ਉਸ ਦੇ ਪੁਲ ਤੋਂ ਦੀ ਵੀ ਲੰਘਦਿਆਂ, ਲੱਗਦਾ ਹੈ ਅੱਜ ਕਹਿਰਾਂ ਦਾ ਡਰ।

(ਅਮਨ ਨਗਰ, ਹਰਦੋਛੰਨੀ ਰੋਡ, ਗੁਰਦਾਸਪੁਰ)

—o—





## ਪਾਬਲੋ-ਨੇਰੂਦਾ ਦੇ ਅੰਗ-ਸੰਗ

ਮੈਂ ਇਕੱਲਾ ਰਹਿਣਾ ਗਿੱਝ ਗਿਆ ਹਾਂ, ਪਰ ਮੈਨੂੰ ਇਕੱਲਤਾ ਨੇ ਕਦੀ ਤੰਗ ਨਹੀਂ ਕੀਤਾ। ਪੁਸਤਕਾਂ, ਕਵਿਤਾਵਾਂ, ਗੀਤ, ਲੋਕਾਂ ਦੇ ਸੰਘਰਸ਼ ਤੇ ਦਰਦ, ਸਦਾ ਮੇਰੇ ਨਾਲ ਰਹੇ ਹਨ। ਸੰਘਰਸ਼ਾਂ ਵਿਚਲੇ ਸਾਥੀ ਸ਼ਿਕਾਇਤ ਕਰਦੇ ਹਨ ਕਿ ਮੈਂ ਕਈ ਮੀਟਿੰਗਾਂ ਖੁੰਝਾ ਜਾਂਦਾ ਹਾਂ, ਕਈ ਇਕੱਤਰਤਾਵਾਂ ਵਿਚ ਸ਼ਾਮਲ ਨਹੀਂ ਹੁੰਦਾ। "ਆਪਣੇ ਗੀਤਾਂ, ਕਵਿਤਾਵਾਂ, ਭਾਸ਼ਣਾਂ ਤੇ ਨਾਹਰਿਆਂ ਨਾਲ। ਮੈਂ ਤਾਂ ਏਥੇ ਹੀ ਸੀ, ਤੁਹਾਡੇ ਅੰਗ-ਸੰਗ, ਤੁਹਾਡੇ ਨਾਲ। ਸ਼ਾਇਦ ਤੁਸਾਂ ਹੀ ਪਹਿਚਾਣਿਆਂ ਨਹੀਂ। ਮੈਂ ਕਈ ਰੂਪਾਂ ਵਿਚ ਬਦਲੇ ਹੋਏ ਭੇਸ ਵਿਚ ਤੁਹਾਡੇ ਕੋਲ-ਕੋਲ ਸੀ। ਜਦ ਮੈਂ ਨਹੀਂ ਸੀ ਪਹੁੰਚਿਆ, ਤਾਂ ਕੀ ਮੇਰੀ ਥਾਂ ਮੇਰੀ ਨਜ਼ਮ ਨਹੀਂ ਸੀ, ਤੁਹਾਡੇ ਨਾਲ-ਨਾਲ? ਤੁਹਾਡੇ ਕੋਲ-ਕੋਲ।" ਮੈਂ ਆਖਦਾ ਹਾਂ।

ਉਹਨਾਂ ਦਾ ਉਲ੍ਹਾਮਾ ਸ਼ਾਇਦ ਜਾਇਜ਼ ਸੀ। ਸ਼ਾਇਦ ਉਹਨਾਂ ਦਾ ਸ਼ਿਕਵਾ ਦਰੁਸਤ ਹੋਵੇ। ਮੈਂ ਹੀ ਘੌਲ ਕਰ ਗਿਆ ਸੀ ਸ਼ਾਇਦ। ਪਰ ਮੇਰਾ ਕਸੂਰ ਵੀ ਨਹੀਂ ਸੀ। ਇਕ ਐਸਾ ਮਿੱਤਰ ਮਿਲਿਆ, ਜਿਸ ਨੇ ਕਈ ਦਿਨ ਮੇਰਾ ਸਾਥ ਨਹੀਂ ਛੱਡਿਆ। ਮੈਂ ਹੋਰ ਕੰਮ ਭੁੱਲ ਗਿਆ ਸੀ। ਇੰਗਲੈਂਡ ਤੋਂ ਨਰਿੰਜਨ ਸਿੰਘ ਨੂਰ ਨੇ ਪਾਬਲੋ-ਨਾਰੂਦਾ ਦੀਆਂ ਚੋਣਵੀਆਂ ਕਵਿਤਾਵਾਂ ਦਾ ਸੰਗ੍ਰਹਿ ਭੇਜਿਆ ਸੀ। ਇਕ ਅਦੁੱਤੀ ਸੁਗਾਤ! ਨੇਰੂਦਾ ਦੀ ਸੰਗਤ ਵਿਚ ਰਹਿੰਦਿਆਂ, ਉਸ ਦੀ ਸਵੈ-ਜੀਵਨੀ ਦੇ ਅਗਨ-ਪ੍ਰੀਖਿਆ ਭਰੇ ਸਾਲਾਂ 'ਚੋਂ ਗੁਜ਼ਰਦਿਆਂ, ਚਿੱਲੀ ਦੇ ਖਾਣ-ਮਜ਼ਦੂਰਾਂ ਦੇ ਦਰਦ ਦੀ ਕਥਾ ਸੁਣਦਿਆਂ, ਸਪੇਨ ਦੀਆਂ ਪਹਾੜੀਆਂ ਉੱਤੇ ਰੀਪਬਲੀਕਨਾਂ ਦੇ ਡੁੱਲ੍ਹੇ ਖੂਨ ਦੀ ਪਹਿਚਾਣ ਕਰਦਿਆਂ, ਉਸ ਦੀ ਜਲਾਵਤਨੀ ਦੇ ਸਾਲਾਂ ਦੀ ਗਾਥਾ ਸੁਣਦਿਆਂ. ਮੈਂ ਕਈ ਮੀਟਿੰਗਾਂ ਘੁਸਾ ਗਿਆ ਸੀ।

ਪਰ ਮੈਂ ਖਾਲੀ ਨਹੀਂ ਸੀ ਪਰਤਿਆ। ਆਪਣੇ ਲੋਕਾਂ ਲਈ ਪੰਜਾਬੀ ਜ਼ੁਬਾਨ, ਆਪਣੀ ਮਾਂ-ਬੋਲੀ ਵਾਸਤੇ ਮੈਂ ਕੁਝ ਤੋਹਫੇ ਲੈ ਕੇ ਵਾਪਸ ਪਰਤਿਆ। ਕੀ ਸੀ ਭਲਾ ਇਹ ਸੁਗਾਤਾਂ?

ਇਹ ਪਾਬਲੋ-ਨੇਰੂਦਾ ਦੀਆਂ ਟਾਵੀਆਂ-ਟਾਵੀਆਂ ਕਵਿਤਾਵਾਂ ਦੇ ਪੰਜਾਬੀ-ਅਨੁਵਾਦ ਸਨ। ਸੋਚਦਾ ਹਾਂ ਕਿ ਪਾਬਲੋ-ਨੇਰੂਦਾ ਦੀਆਂ ਕਵਿਤਾਵਾਂ ਤੀਕ ਪਹੁੰਚਣ ਲਈ ਕਿੰਨੇ ਵਰ੍ਹੇ ਲੱਗੇ ਹਨ! ਕਿੰਨੀ ਲੰਮੀ ਯਾਤਰਾ ਸੀ ਇਸ ਭੰਡਾਰੇ ਤੀਕ ਅਪੜਨ ਵਾਸਤੇ।

ਅਜ ਤੋਂ ਪੰਜ ਸਾਲ ਪਹਿਲਾਂ ਚੰਡੀਗੜ੍ਹ ਪੰਜਾਬ ਬੁੱਕ ਸੈਂਟਰ ਤੋਂ ਨੇਰੂਦਾ ਦੀਆਂ "ਆਪ-ਬੀਤੀਆਂ" ਦਾ ਸੰਗ੍ਰਹਿ ਅਚਾਨਕ ਹੀ, ਬਿਨਾਂ ਕਿਸੇ ਖ਼ਾਸ ਕੋਸ਼ਿਸ਼ ਦੇ ਮਿਲ ਗਿਆ ਸੀ। ਬਾਰ-ਬਾਰ ਯਾਦਾਂ ਦੇ ਇਸ ਸੰਗ੍ਰਹਿ ਵੱਲ ਪਰਤਦਾ ਰਿਹਾ ਸੀ ਤੇ ਹਰ ਵਾਰ ਇਸ ਸਵੈ-ਜੀਵਨੀ ਦਾ ਪਾਠ, ਨੇਰੂਦਾ ਦੀਆਂ ਕਵਿਤਾਵਾਂ ਲਈ ਮੇਰੀ ਪਿਆਸ ਨੂੰ ਹੋਰ ਵਧਾ ਦਿੰਦਾ ਸੀ। ਕਾਸ਼! ਕਿਤੇ ਮੇਰੇ ਕੋਲ ਨੇਰੂਦਾ ਦੀ ਸ਼ਾਇਰੀ ਦਾ ਕੋਈ ਇਕ ਹੀ ਸੰਗ੍ਰਹਿ

ਹੁੰਦਾ। ਲੋਟਿਸ ਦੇ ਇਕ ਪੁਰਾਣੇ ਅੰਕ 'ਚੋਂ ਨਾਜ਼ਿਮ ਹਿਕਮਤ ਬਾਰੇ ਨੇਰੂਦਾ ਦੀਆਂ ਦੋ ਕਵਿਤਾਵਾਂ ਅਚਾਨਕ ਹੀ ਪ੍ਰਾਪਤ ਹੋ ਗਈਆਂ ਸਨ ਤੇ ਜਾਂ ਫਿਰ ਕਦੇ-ਕਦੇ ਕਿਸੇ ਹਿੰਦੀ ਦੇ ਪਰਚੇ 'ਚੋਂ ਕੋਈ ਵਿਰਲੀ-ਟਾਵੀਂ ਕਵਿਤਾ ਹੱਥ ਲੱਗਦੀ। ਪਰ ਹਰ ਵਾਰ ਉਸ ਦੀਆਂ ਕਵਿਤਾਵਾਂ ਦੀ ਕੋਈ ਪੂਰੀ-ਸੂਰੀ ਪੁਸਤਕ ਦੀ ਭਟਕਣਾ ਵੱਧ ਜਾਂਦੀ।

ਨੂਰ ਸਾਹਿਬ ਨੇ ਨੇਰੂਦਾ ਦੀ ਚੋਣਵੀਂ ਕਵਿਤਾ ਦਾ ਸੰਗ੍ਰਹਿ ਪ੍ਰੋ. ਨਰਿੰਜਨ ਸਿੰਘ ਢੇਸੀ ਹੁਰਾਂ ਦੇ ਹੱਥ ਭੇਜਿਆ ਸੀ ਤੇ ਢੇਸੀ ਸਾਹਿਬ ਗ਼ਲਤੀ ਨਾਲ ਇਹ ਪੁਸਤਕ ਆਪਣੇ ਕਿਸੇ ਰਿਸ਼ਤੇਦਾਰ ਦੇ ਘਰ ਲੰਡਨ ਹੀ ਛੱਡ ਆਏ ਸਨ। ਜਦ ਕਦੀ ਉਹਨਾਂ ਨੂੰ ਮਿਲਦਾ ਤਾਂ ਇੰਗਲੈਂਡ ਪੱਤਰ ਲਿਖਣ ਲਈ ਤਰਲਾ ਮਾਰਦਾ ਤੇ ਅਗਲੇ ਗੇੜੇ ਤੇ ਕਿਤਾਬ ਪਹੁੰਚ ਗਈ ਸੀ।

ਇਸ ਨੂੰ ਪੜ੍ਹਕੇ ਨੇਰੂਦਾ ਦੇ ਕਿਸੇ ਹੋਰ ਕਾਵਿ-ਸੰਗ੍ਰਹਿ ਦੀ ਪਿਆਸ ਪੈਦਾ ਹੋਈ। ਅੰਮ੍ਰਿਤਸਰ "ਬੁੱਕ ਲਵਰਜ਼ ਸਟਰੀਟ" ਦੇ ਮਾਲਕ ਨੂੰ ਨੇਰੂਦਾ ਦੀ ਕਿਸੇ ਕਿਤਾਬ ਬਾਰੇ ਪੁੱਛਦਾ ਹਾਂ। ਉਹ ਨੇਰੂਦਾ ਦੀ ਕਾਵਿ-ਪੁਸਤਕ "ਆਈਸਲਾ ਨੇਗਰਾ" ਲਿਆ ਕੇ ਮੇਰੇ ਹੱਥ ਫੜਾ ਦਿੰਦਾ ਹੈ। ਇਹ ਪੁਸਤਕ ਨੇਰੂਦਾ ਨੇ ਆਪਣੇ ਸੱਠਵੇਂ ਜਨਮ ਦਿਵਸ ਤੇ ਕਵਿਤਾ ਵਿਚ ਸਵੈ-ਜੀਵਨੀ ਦੇ ਰੂਪ ਵਿਚ ਲਿਖੀ ਸੀ। ਅਜੀਬ ਤਰ੍ਹਾਂ ਦੀ ਗੱਲ ਸੀ। ਹਰ ਅਨੁਭਵ, ਪਾਤਰ, ਘਟਨਾ ਬਾਰੇ ਛੋਟੀਆਂ ਕਵਿਤਾਵਾਂ ਦੇ ਰੂਪ ਵਿਚ ਲਿਖੀ ਇਹ ਜੀਵਨੀ ਇਕ ਵੱਖਰੀ ਹੀ ਤਰ੍ਹਾਂ ਦੀ ਜੀਵਨੀ ਸੀ ਤੇ ਕਿਤਨੀ ਸਾਦਾ, ਸਰਲ। ਹਰ ਕਵਿਤਾ ਆਪਣੇ ਆਪ ਵਿਚ ਮੁਕੰਮਲ। ਇਸ ਨੂੰ ਪੜ੍ਹਦਿਆਂ ਕਵਿਤਾ ਦੇ ਸ਼ਾਂਤ, ਨਿਰਮਲ ਵਗਦੇ ਦਰਿਆ ਦਾ ਅਹਿਸਾਸ ਹੁੰਦਾ ਸੀ। ਇਕ ਹੋਰ ਕੀਮਤੀ ਖਜ਼ਾਨਾ ! ਇਕ ਹੋਰ ਅਦੁੱਤੀ ਤੋਹਫਾ !!

ਨੇਰੂਦਾ ਦੀਆਂ ਕਵਿਤਾਵਾਂ ਪੰਜਾਬੀ ਵਿਚ ਘੱਟ ਅਨੁਵਾਦ ਹੋਈਆਂ ਹਨ। ਬੀਤੇ ਵਰ੍ਹਿਆਂ ਵਿਚ ਕਦੇ-ਕਦੇ ਕੋਈ ਕਵਿਤਾ ਪ੍ਰੀਤ-ਲੜੀ ਵਿਚ ਨਵਤੇਜ ਸਿੰਘ ਹੁਰਾਂ ਰਾਹੀਂ ਛਪਦੀ ਰਹੀ ਸੀ। ਪਰ ਕਿਸੇ ਵੀ ਲੇਖਕ ਨੇ ਨਿੱਠ ਕੇ, ਸਿਲਸਿਲੇਵਾਰ ਨੇਰੂਦਾ ਦੀ ਸ਼ਾਇਰੀ ਦੇ ਪੰਜਾਬੀ ਅਨੁਵਾਦ ਨੂੰ ਹੱਥ ਨਹੀਂ ਪਾਇਆ ਸੀ। ਕਿਉਂ ਨਾ ਮੈਂ ਇਸ ਕਾਰਜ ਨੂੰ ਹੱਥ ਪਾਵਾਂ ? ਮਾਇਕੋਵਸਕੀ ਦੇ ਕਾਵਿ-ਅਨੁਵਾਦ ਤੋਂ ਪਿਛੋਂ ਕੁਝ ਹੌਸਲਾ ਹੋ ਗਿਆ ਸੀ ਤੇ ਨਾਲ ਹੀ ਕੁੱਝ ਤਜਰਬਾ ਵੀ। ਇਹਨਾ ਕੀਤੇ ਅਨੁਵਾਦਾਂ ਨੂੰ ਪਾਠਕਾਂ ਦੀ ਸੇਵਾ ਵਿਚ ਕਾਵਿ-ਨਜ਼ਰਾਨੇ ਵਜੋਂ ਪੇਸ਼ ਕਰਦਿਆਂ ਇਹ ਦਾਹਵਾ ਕਰਨਾ ਤਾਂ ਮੁਸ਼ਕਿਲ ਹੈ ਕਿ ਮੈਂ ਨੇਰੂਦਾ ਦੇ ਅਨੁਭਵ ਦੀ ਹਰ ਤਹਿ ਨੂੰ ਅੰਗਰੇਜ਼ੀ ਵਿਚੋਂ ਚੰਗੀ ਤਰ੍ਹਾਂ ਸਮਝ ਗਿਆ ਸੀ। ਨੇਰੂਦਾ ਸਪੇਨੀ ਭਾਸ਼ਾ ਦਾ ਕਵੀ ਹੈ। ਸਪੇਨੀ ਤੋਂ ਉਸ ਦੀਆਂ ਕਵਿਤਾਵਾਂ ਅੰਗਰੇਜ਼ੀ ਵਿਚ ਅਨੁਵਾਦ ਹੋਈਆਂ ਮਿਲਦੀਆਂ ਹਨ ਤੇ ਅੰਗਰੇਜ਼ੀ ਤੋਂ ਪੰਜਾਬੀ ਵਿਚ ਤਰਜਮਾ ਕਰਦਿਆਂ ਬਹੁਤ ਕੁਝ ਬਦਲ ਜਾਂਦਾ ਹੈ। ਕੋਈ ਕਾਵਿ-ਪੰਗਤੀ ਅੜ ਜਾਂਦੀ ਹੈ, ਕਿਸੇ ਸ਼ਬਦ, ਕਿਸੇ ਪੰਗਤੀ ਦੇ ਅਰਥ ਸਪੱਸ਼ਟ ਨਹੀਂ ਹੁੰਦੇ ਜਾਂ ਫਿਰ ਪੰਜਾਬੀ ਵਿਚ ਰਚਦਿਆਂ, ਬਦਲਦਿਆਂ, ਉਹਦਾ ਸਰੂਪ ਕੁਝ ਬਦਲ ਜਾਂਦਾ ਹੈ।

ਅਸਲ ਵਿਚ ਕਵਿਤਾ ਅਨੁਵਾਦ ਹੋ ਹੀ ਨਹੀਂ ਸਕਦੀ। ਜੇ ਹੁੰਦੀ ਹੈ ਤਾਂ ਬੱਸ



ਮਰਦਿਆਂ ਦੇ ਤਰਲੇ ਹੁੰਦੇ ਹਨ। ਇਕ ਤਰਲਾ ਮੇਰਾ ਵੀ ਪੇਸ਼ ਹੈ, ਤੁਹਾਡੇ ਮੁਲਾਹਜ਼ੇ ਲਈ। ਅੰਮ੍ਰਿਤਾ ਪ੍ਰੀਤਮ ਦੇ ਸ਼ਬਦਾਂ ਵਿਚ :

"ਮਾਣ ਸੁੱਚੇ ਇਸ਼ਕ ਦਾ ਹੈ
ਹੁਨਰ ਦਾ ਦਾਹਵਾ ਨਹੀਂ"
... ... ... ...

ਨੇਰੂਦਾ ਦੀਆਂ ਨਜ਼ਮਾਂ ਦਾ ਅਨੁਵਾਦ ਕਰਦਿਆਂ ਕਈ ਵਾਰ ਸੋਚੀਦਾ ਹੈ ਕਿ ਆਖਰ ਕਿਉਂ ਲੋਕ ਬਾਰ-ਬਾਰ ਉਸ ਨੂੰ ਪੜ੍ਹਨਾ ਚਾਹੁੰਦੇ ਹਨ, ਕਿਉਂ ਹਰ ਭਾਸ਼ਾ ਦੇ ਸ਼ੁੱਭ ਚਿੰਤਕ ਉਸ ਦੀ ਕਵਿਤਾ ਦਾ ਆਪਣੀ ਭਾਸ਼ਾ ਵਿਚ ਅਨੁਵਾਦ ਕਰਦਿਆਂ ਖੁਸ਼ੀ ਤੇ ਮਾਣ ਮਹਿਸੂਸ ਕਰਦੇ ਹਨ ? ਉਸ ਦੀ ਕਵਿਤਾ ਵਿਚ ਕਿਹੜੀ ਕਸਤੂਰੀ ਦੀ ਮਹਿਕ ਹੈ ਕਿ ਜਿਸ ਦੀ ਭਾਲ ਵਿਚ ਅਸੀਂ ਬਉਰੇ ਹੋਏ ਫਿਰਦੇ ਹਾਂ ? ਇਸ ਦਾ ਉੱਤਰ ਨੇਰੂਦਾ ਦੇ ਉਹਨਾਂ ਸ਼ਬਦਾਂ 'ਚੋਂ ਮਿਲਦਾ ਹੈ ਜਿਹੜੇ ਉਸ ਨੇ ਆਪਣੀ ਜੀਵਨ-ਕਹਾਣੀ ਵਿਚ ਜੁਝਾਰੂ ਕਵਿਤਾ ਬਾਰੇ ਗੱਲ ਕਰਦਿਆਂ ਕਹੇ ਸਨ ;

"ਪਰ ਕਵਿਤਾ ਮਰੀ ਨਹੀਂ। ਇਸ ਦੇ ਬਿੱਲੀ ਵਾਂਗ ਨੌਂ ਜਨਮ ਹੁੰਦੇ ਹਨ। ਉਹ ਇਹਨੂੰ ਪ੍ਰੇਸ਼ਾਨ ਕਰਦੇ ਹਨ, ਉਹ ਇਹਨੂੰ ਗਲੀਆਂ ਵਿਚ ਘਸੀਟੀ ਫਿਰਦੇ ਹਨ, ਉਹ ਇਸ ਦੇ ਮੂੰਹ ਤੇ ਥੁੱਕਦੇ ਹਨ ਤੇ ਆਪਣੀਆਂ ਟਿੱਚਰਾਂ ਦਾ ਨਿਸ਼ਾਨਾ ਬਣਾਉਂਦੇ ਹਨ, ਇਸ ਦਾ ਗਲਾ ਘੁੱਟਣ ਦਾ ਯਤਨ ਕਰਦੇ ਹਨ, ਇਸ ਨੂੰ ਜਲਾਵਤਨੀ ਲਈ ਮਜਬੂਰ ਕਰਦੇ ਹਨ, ਇਸ ਨੂੰ ਜੇਲ੍ਹ ਵਿਚ ਸੁੱਟਦੇ ਹਨ, ਇਹਦੇ ਜਿਸਮ ਵਿਚ ਸਿੱਕਾ ਠੋਕਦੇ ਹਨ। ਪਰ ਇਹ ਹਰ ਅਜੇਹੀ ਕੋਸ਼ਿਸ਼ 'ਚੋਂ ਜੀਊਂਦੀ ਬਚ ਕੇ ਨਿਕਲ ਆਉਂਦੀ ਹੈ ਤੇ ਇਸ ਦੇ ਸਾਫ ਚਿਹਰੇ ਤੇ ਚੌਲਾਂ ਦੇ ਦਾਣਿਆਂ ਵਰਗੀ ਚਮਕੀਲੀ ਮੁਸਕਰਾਹਟ ਹੁੰਦੀ ਹੈ।"

ਨਿਰਸੰਦੇਹ ਨੇਰੂਦਾ ਦੀ ਆਪਣੀ ਕਵਿਤਾ ਅਜੇਹੀ ਅਗਨ-ਪ੍ਰੀਖਿਆ 'ਚੋਂ ਨਿਕਲ ਕੇ ਮੁਸਕਰਾਉਂਦੇ ਚਿਹਰੇ ਨਾਲ, ਸੰਸਾਰ ਦੇ ਹਰ ਕੋਨੇ ਵਿਚ ਜੂਝਦੇ ਲੋਕਾਂ ਲਈ ਆਸ ਦਾ ਸੁਨੇਹਾ ਲੈ ਕੇ ਹਾਜ਼ਰ ਹੁੰਦੀ ਹੈ। ਭਾਸ਼ਾ, ਦੇਸ਼ ਤੇ ਕੌਮਾਂ ਦੀਆਂ ਹੱਦਬੰਦੀਆਂ ਨੂੰ ਉਲੰਘਦੀ ਨੇਰੂਦਾ ਦੀ ਕਵਿਤਾ ਸਾਡਾ ਸਭ ਦਾ ਕੀਮਤੀ ਵਿਰਸਾ ਹੈ, ਜਿਸ ਨੂੰ ਹਿੱਕ ਨਾਲ ਲਾਈ, 'ਚੀ-ਗੁਵੇਰਾ ਬੋਲੇਵੀਆ' ਦੇ ਪਹਾੜੀ ਜੰਗਲਾਂ ਵਿਚ ਗੁਰੀਲਾ ਯੁੱਧ ਲੜਦਿਆਂ ਸ਼ਹੀਦ ਹੋ ਗਿਆ ਸੀ। ਅਜੇਹੀ ਕਵਿਤਾ ਇਕ ਅਜੀਬ ਸਰੂਰ ਤੇ ਸਕੂਨ ਦਿੰਦੀ, ਇਕ-ਵਿਕੋ-ਲਿੱਤਰੀ ਕਾਵਿ-ਯਾਤਰਾ ਦਾ ਅਹਿਸਾਸ ਕਰਵਾਉਂਦੀ ਹੈ। ਕਵਿਤਾ ਜਿਹੜੀ ਜਬਰ ਦੇ ਕਾਲੇ ਦਿਨਾਂ ਅੰਦਰ ਰੋਸ਼ਨੀ ਦੀ ਮਸ਼ਾਲ ਬਣ ਰਾਹਾਂ ਨੂੰ ਰੁਸ਼ਨਾਉਂਦੀ ਹੈ, ਡੋਲ ਗਿਆਂ ਦੇ ਮੋਢੇ ਤੇ ਧੀਰਜ ਭਰਿਆ ਹੱਥ ਰੱਖਦੀ ਹੈ ਤੇ ਆਖਦੀ ਹੈ ;

ਵੇਖ ! ਮੈਂ ਤੇਰੇ ਲਈ
ਰੌਸ਼ਨੀ ਦੀ ਝੀਲ ਤੇ ਕਿਸ਼ਤੀ ਦਾ ਸਫ਼ਰ
ਬਣ ਕੇ ਆਈ ਹਾਂ
ਵੇਖ ! ਮੈਂ ਤਪਦੇ ਹਿਰਦਿਆਂ ਲਈ
ਸ਼ਹਿਦ ਭਰੇ ਬੋਲਾਂ ਦੀ ਕਿਣ-ਮਿਣ ਲਿਆਈ ਹਾਂ।

ਅਜੇਹੇ ਸ਼ਾਇਰ ਦੀ ਰਚਨਾ ਨਾਲ ਗੁਫਤਗੂ ਕਰਨੀ ਪਾਠਕ ਲਈ ਵੱਡੇ ਸੁਭਾਗ ਦੀ ਨਿਸ਼ਾਨੀ ਹੁੰਦੀ ਹੈ ।

ਨੇਰੂਦਾ ਦੀਆਂ ਨਜ਼ਮਾਂ ਲਈ ਮੇਰੀ ਭਾਲ ਅੱਗੇ ਤੁਰਦੀ ਹੈ । ਕਾਸ਼ ਮੈਂ ਯੂਰਪ ਦੇ ਕਿਸੇ ਦੇਸ਼ ਵਿਚ ਜੰਮਿਆਂ ਹੁੰਦਾ । ਪਰ ਬਥੇਰੇ ਲੋਕ ਯੂਰਪ ਵਿਚ ਗਏ ਹੋਏ ਹਨ । ਜੇ ਪੁਸਤਕਾਂ ਹਨ ਤਾਂ ਸ਼ੌਕ ਨਹੀਂ, ਜੇ ਸ਼ੌਕ ਹੈ ਤਾਂ ਵਕਤ ਨਹੀਂ । ਪਰ ਏਥੇ ਭਾਰਤ ਵਿਚ ਸ਼ੌਕ ਵੀ ਹੈ, ਵਕਤ ਵੀ, ਤੇ ਪੈਸੇ ਵੀ ਭਾਵੇਂ ਹੈਨ, ਪਰ ਪੁਸਤਕ ਨਹੀਂ ਮਿਲਦੀ । ਰੋ ਕੇ ਮਿਲਦੀ ਹੈ ਤੇ ਕਈ ਗੁਣਾਂ ਵੱਧ ਮੁੱਲ ਉੱਤੇ ।

ਕਿਸੇ ਸੂਚੀ ਵਿਚੋਂ ਪੇਂਗੂਇਨ ਵਲੋਂ ਛਾਪੀ ਨੇਰੂਦਾ ਦੀ 'ਚੋਣਵੀਂ ਕਵਿਤਾ' ਬਾਰੇ ਇਸ਼ਤਿਹਾਰ ਪੜ੍ਹਦਾ ਹਾਂ ਤੇ ਇਸ ਨੂੰ ਪ੍ਰਾਪਤ ਕਰਨ ਲਈ ਤੁਰ ਪੈਂਦਾ ਹਾਂ । । ਥੱਕ ਹਾਰ ਜਾਂਦਾ ਹਾਂ । ਕੋਈ ਹੁੰਗਾਰਾ ਨਹੀਂ ਦਿੰਦਾ । ਪੱਤਰ ਤੇ ਪੱਤਰ ਲਿਖਦਾ ਹਾਂ, ਸੂਚੀਆਂ ਫਰੋਲਦਾ ਹਾਂ । ਪਰ......

ਤੇ ਅਖੀਰ ਉੱਤੇ ਫਿਰ ਅੰਮ੍ਰਿਤਸਰ ਵਾਲਾ ਪੁਸਤਕ-ਵਿਕਰੇਤਾ ਹੀ, ਮੇਰੇ ਲਈ, ਦੂਤ ਬਣ ਕੇ ਬਹੁੜਦਾ ਹੈ । "ਨੇਰੂਦਾ ਦੀ ਚੋਣਵੀਂ ਕਵਿਤਾ" । ਵਾਹ ਕੇਹੀ ਸੁਹਣੀ ਗੱਲ ਹੈ !

"ਕਿੰਨੀ ਕੀਮਤ ਹੈ ?" ਮੈਂ ਪੁੱਛਦਾ ਹਾਂ ।

"ਛੇ ਪੌਂਡਾਂ ਦੇ 174 ਰੁਪਏ 60 ਪੈਸੇ" ਉਹ ਆਖਦਾ ਹੈ ।

"ਭਾਈ ਕੋਈ ਰਿਆਇਤ ?"

"ਦਸ ਫੀਸਦੀ ।"

"ਠੀਕ ਹੈ" ਮੈਂ ਆਖਦਾ ਹਾਂ ।

"ਸਰਦਾਰ ਜੀ, ਤੁਸੀਂ ਕੀ ਲੈਣਾ ਨੇਰੂਦਾ ਤੋਂ, ਇਤਨੇ ਪੈਸੇ ਖਰਚ ਕੇ ।"

"ਸ਼ੌਕ ਦਾ, ਲਗਨ ਦਾ, ਕੋਈ ਮੁੱਲ ਨਹੀਂ ਹੁੰਦਾ ।" ਮੇਰਾ ਉੱਤਰ ਹੈ ।

ਹੁਣ ਮੇਰੇ ਕੋਲ ਨੇਰੂਦਾ ਦੇ ਤਿੰਨ ਕਾਵਿ-ਸੰਗ੍ਰਹਿ ਤੇ ਇਕ ਉਸ ਦੀ ਯਾਦਾਂ ਦੀ ਪੁਸਤਕ ਹੋ ਗਈ ਹੈ । ਮਨ ਨੂੰ ਕੁਝ ਤਸੱਲੀ ਹੁੰਦੀ ਹੈ । ਮੇਰੀ ਭਾਲ ਅਜਾਈਂ ਨਹੀਂ ਗਈ ।

ਪਰ ਅਮਰੀਕਾ ਵਿਚ ਤਾਂ ਲੋਕ ਇਸ ਤੋਂ ਵੀ ਅਗਾਂਹ ਲੰਘ ਗਏ ਹਨ । ਅਸੀਂ ਹਾਲੀਂ ਨੇਰੂਦਾ ਦੀ ਟਾਵੀਂ-ਟਾਵੀਂ ਨਜ਼ਮ ਤੋਂ ਵਾਕਫ ਹਾਂ, ਪਰ ਉਥੇ 'ਚੋਣਵੀਂ ਕਵਿਤਾ' ਦੇ ਸੰਗ੍ਰਹਿ ਛਾਪਣ ਤੋਂ ਗੱਲ ਤੁਰ ਕੇ ਉਸ ਦੀਆਂ "ਸਮੁੱਚੀਆਂ ਕਵਿਤਾਵਾਂ" ਨੂੰ ਇਕੱਠਾ ਛਾਪਣ ਦੀਆਂ ਯੋਜਨਾਵਾਂ ਬਣ ਰਹੀਆਂ ਹਨ ।

ਮੇਰਾ ਯਤਨ ਇਕ ਆਰੰਭ ਹੈ, ਅੰਤ ਨਹੀਂ । ਮੈਂ ਇਹ ਯਤਨ ਜਾਰੀ ਰੱਖਣ ਦਾ ਦ੍ਰਿੜ੍ਹ ਸੰਕਲਪ ਲਿਆ ਹੋਇਆ ਹੈ । ਵੇਖੀਏ ਕਿਤਨੀ ਦੂਰੀ ਤੀਕ ਨੇਰੂਦਾ ਦੇ ਅੰਗ-ਸੰਗ ਤੁਰ ਸਕਦਾ ਹਾਂ ।



1993 ਦੀਆਂ ਗਰਮੀਆਂ ਦੀ ਰੁੱਤੇ ਇੰਗਲੈਂਡ ਦੀ ਯਾਤਰਾ ਸਮੇਂ ਪਰਵਾਸੀ ਪੰਜਾਬੀ ਮਿੱਤਰ-ਕਵੀ ਪੁੱਛਦੇ ਸਨ; "ਬਈ ਤੇਰੇ ਨੇਰੂਦਾ ਦੀ ਕਵਿਤਾ ਦੇ ਅਨੁਵਾਦ ਦਾ ਕੀ ਬਣਿਆ ? ਕਦੋਂ ਛਪ ਰਹੀ ਹੈ ਤੇਰੀ ਉਹ ਪੁਸਤਕ ?"

"ਅਜੇ ਮੇਰੀ ਤਸੱਲੀ ਨਹੀਂ ਹੋਈ । ਏਥੋਂ ਯੂ. ਕੇ. ਵਿਚੋਂ ਨੇਰੂਦਾ ਦੇ ਬਾਕੀ ਰਹਿੰਦੇ ਕਾਵਿ-ਸੰਗ੍ਰਹਿ ਵੀ ਲੈ ਕੇ ਜਾਵਾਂਗਾ, ਤਾਂ ਤਸੱਲੀ ਹੋਵੇਗੀ ਮੇਰੀ" ਮੇਰਾ ਉੱਤਰ ਹੁੰਦਾ ।

'ਨੇਰੂਦਾ ਦੀਆਂ ਪਿਆਰ-ਕਵਿਤਾਵਾਂ ਜੋਗਿੰਦਰ ਸਮਸ਼ੇਰ ਖਰੀਦ ਕੇ ਭੇਜਦਾ ਹੈ । 'ਕੈਪਟਿਨਜ਼ ਵਰਸਿਜ਼' ਤੇ 'ਮਾਚੂ-ਪਿੱਚੂ' ਅਵਤਾਰ ਸਾਦਿਕ ਲੱਭ ਕੇ ਦਿੰਦਾ ਹੈ । 'ਚਿੱਲੀ ਦੇ ਪੱਥਰ-ਗੀਟੇ' ਤੇ 'ਰੋਲ-ਸਪਲਿਟਰਜ਼' ਮੈਂ ਸੁਭਾਸ਼ ਪ੍ਰੀਹਾਰ ਕੋਲੋਂ ਲੈ ਕੇ ਨਕਲ ਕਰਾ ਲੈਂਦਾ ਹਾਂ । 'ਰੈਜ਼ੀਡੈਂਸ ਆਨ ਅਰਥ' ਪ੍ਰੀਤਮ ਸਿੱਧੂ ਕੋਲੋਂ ਪ੍ਰਾਪਤ ਹੋ ਜਾਂਦੀ ਹੈ । ਇੰਜ ਹੁਣ ਦਰਜਨ ਤੋਂ ਵੱਧ ਕਾਵਿ-ਸੰਗ੍ਰਹਿ ਇਕੱਠੇ ਕਰ ਲੈਂਦਾ ਹਾਂ ।

'ਹੁਣ ਤੈਨੂੰ ਨੇਰੂਦਾ ਦੇ ਕੀਤੇ ਅਨੁਵਾਦ ਛਾਪ ਦੇਣੇ ਚਾਹੀਦੇ ਹਨ ।' ਮਿੱਤਰ ਸਲਾਹ ਦਿੰਦੇ ਹਨ ।

"ਇਕ ਖਰੜਾ ਲੋਕ-ਗੀਤ ਪ੍ਰਕਾਸ਼ਨ ਸਰਹੰਦ ਵਾਲਿਆਂ ਨੇ ਛਾਪਣ ਲਈ ਲਿਆ ਸੀ । ਚਾਰ ਸਾਲ ਬਾਅਦ ਕਹਿ ਦਿੱਤਾ ਕਿ ਗਵਾਚ ਗਿਆ ਹੈ । ਸ਼ੁਕਰ ਕਿ ਮੈਂ ਕਵਿਤਾਵਾਂ ਫੋਟੋਸਟੇਟ ਕਰਵਾ ਛਡੀਆਂ, ਨਹੀਂ ਤਾਂ ਸਭ ਯਤਨ ਅਜਾਈਂ ਜਾਣੇ ਸਨ । ਹੁਣ ਛੇਤੀ ਹੀ "ਸਮਕਾਲੀ ਕਵਿਤਾ" ਪੁਸਤਕ ਲੜੀ ਅਧੀਨ ਖੁਦ ਛਾਪਾਂਗਾ ।"

ਜਦੋਂ ਤੀਕ ਪੁਸਤਕ ਨਹੀਂ ਛਪਦੀ, ਕੁਝ ਅਨੁਵਾਦ, ਪਾਠਕਾਂ ਤੇ ਨੇਰੂਦਾ-ਪ੍ਰੇਮੀਆਂ ਨਾਲ ਸਾਂਝੇ ਕਰਨ ਦੀ ਕੋਸ਼ਿਸ਼ ਵਜੋਂ ਇਹ ਤਿਲ-ਫੁੱਲ ਪੇਸ਼ ਹੈ ।

(ਮਾਰਚ 1994)

## 1. ਜ਼ਿੰਦਗੀਆਂ

ਆਹ ! ਕਦੇ ਕਦੇ
ਤੂੰ ਮੇਰੇ ਕੋਲ ਖਲੋਤੀ
ਬੰਦਿਆਂ ਵਿਚੋਂ ਜੇਤੂ ਕੋਲ ਖਲੋਤੀ
ਕਿੰਨੀ ਤੰਗ ਹੁੰਦੀ ਹੈਂ ।

ਕਿਉਂਕਿ ਤੂੰ ਨਹੀਂ ਜਾਣਦੀ
ਕਿ ਮੇਰੇ ਨਾਲ ਹਜ਼ਾਰਾਂ ਜੇਤੂ ਚਿਹਰੇ ਸਨ
ਜਿਹੜੇ ਤੈਨੂੰ ਨਹੀਂ ਦਿਸਦੇ
ਹਜ਼ਾਰਾਂ ਹੀ ਪੈਰ ਤੇ ਦਿਲ
ਜਿਹੜੇ ਮੇਰੇ ਨਾਲ ਨਾਲ ਤੁਰੇ ਸਨ
ਕਿ ਮੇਰੀ ਇਕੱਲੇ ਦੀ
ਕੋਈ ਹੋਂਦ ਹੀ ਨਹੀਂ

ਕਿ ਮੈਂ ਸਿਰਫ ਆਪਣੇ ਨਾਲ ਤੁਰਨ ਵਾਲਿਆਂ ਦਾ
ਅਗਵਾਨੂੰ ਹਾਂ

ਜੇ ਮੈਂ ਤਕੜਾ ਹਾਂ ਤਾਂ ਇਸ ਕਾਰਨ
ਕਿ ਮੇਰੇ ਵਿਚ ਮੇਰੀ ਜ਼ਿੰਦਗੀ ਹੀ ਨਹੀਂ
ਸਭ ਜ਼ਿੰਦਗੀਆਂ ਧੜਕਦੀਆਂ ਨੇ
ਜੇ ਮੈਂ ਨਿਰੰਤਰ ਸਿੱਧਾ ਤੁਰਦਾ ਹਾਂ
ਤਾਂ ਇਸ ਕਾਰਨ
ਕਿ ਮੇਰੀਆਂ ਹਜ਼ਾਰ ਅੱਖਾਂ ਹਨ ।

ਮੈਂ ਚਟਾਨ ਦੇ ਭਾਰ ਵਾਂਗ ਵੱਜਦਾ ਹਾਂ
ਕਿਉਂਕਿ ਮੇਰੇ ਹਜ਼ਾਰਾਂ ਹੱਥ ਹਨ
ਤੇ ਮੇਰੀ ਆਵਾਜ਼
ਸਭ ਦੇਸ਼ਾਂ ਦੇ ਸਮੁੰਦਰੀ ਤੱਟਾਂ ਤੇ
ਸੁਣੀ ਜਾਂਦੀ ਹੈ ।

ਕਿਉਂਕਿ ਇਹ ਆਵਾਜ਼
ਉਹਨਾਂ ਸਭ ਦੀ ਹੈ
ਜਿਹੜੇ ਬੋਲ ਨਹੀਂ ਸੀ ਸਕਦੇ
ਜਿਹੜੇ ਗਾ ਨਹੀਂ ਸੀ ਸਕਦੇ
ਤੇ ਉਹ ਇਸ ਮੂੰਹ ਨਾਲ ਗਾਉਂਦੇ ਹਨ,
ਜਿਹੜਾ ਤੈਨੂੰ ਚੁੰਮ ਰਿਹਾ ਹੈ ।

## 2. ਗ਼ਰੀਬੀ

ਆਹ ! ਤੂੰ ਨਹੀਂ ਚਾਹੁੰਦੀ
ਤੂੰ ਇਹਨਾ ਟੁੱਟਿਆਂ ਬੂਟਾਂ ਨਾਲ
ਮੰਡੀ ਵਿਚ ਨਹੀਂ ਜਾਣਾ ਚਾਹੁੰਦੀ
ਤੇ ਉਸੇ ਹੀ ਪੁਰਾਣੀ ਪੋਸ਼ਾਕ ਨਾਲ
ਬਾਹਰ ਨਹੀਂ ਨਿਕਲਣਾ ਚਾਹੁੰਦੀ
ਕਿਉਂਕਿ ਤੈਨੂੰ ਡਰ ਲੱਗਦਾ ਹੈ ।

ਮੇਰੀ ਪਿਆਰੀ ।
(ਜਿਵੇਂ ਕਿ ਅਮੀਰ ਚਾਹੁੰਦੇ ਹਨ ਕਿ
ਅਸੀਂ ਹੋ ਜਾਈਏ)
ਅਸੀਂ ਦੁੱਖਾਂ ਦੇ ਆਦੀ ਨਹੀਂ ਹਾਂ
ਅਸੀਂ ਦੁੱਖਾਂ ਨੂੰ ਖਾਧੇ ਹੋਏ ਦੰਦ ਵਾਂਗ
ਕੱਢ ਕੇ ਬਾਹਰ ਸੁੱਟ ਦੇਣਾ ਚਾਹੁੰਦੇ ਹਾਂ
ਗ਼ਰੀਬੀ, ਜਿਹੜੀ ਕਿ ਆਦਮੀ ਦੇ ਦਿਲ ਨੂੰ



ਚੱਕ ਮਾਰ ਕੇ ਖਾਂਦੀ ਰਹੀ ਹੈ,
ਪਰ ਮੈਂ ਨਹੀਂ ਚਾਹੁੰਦਾ ਕਿ ਤੂੰ
ਇਸ ਤੋਂ ਡਰਦੀ ਰਹੇਂ
ਜੇ ਮੇਰੇ ਕਸੂਰ ਕਾਰਨ
ਇਹ ਗ਼ਰੀਬੀ ਤੇਰੇ ਘਰ ਆ ਵੜੇ

ਜੇ ਇਹ ਤੇਰੇ ਸੁਨਹਿਰੀ ਬੂਟਾਂ
ਨੂੰ ਬਾਹਰ ਕੱਢ ਕੇ ਸੁੱਟ ਦੇਵੇ
ਤਾਂ ਇਸ ਨੂੰ ਆਪਣਾ ਹਾਸਾ
ਬਾਹਰ ਨਾ ਸੁੱਟਣ ਦੇਵੀਂ,
ਹਾਸਾ ਜਿਹੜਾ ਮੇਰੇ ਜੀਵਨ ਦੀ
ਖ਼ੁਰਾਕ ਹੈ

ਜੇ ਤੂੰ ਕਰਾਇਆ ਨਾ ਤਾਰ ਸਕੇਂ
ਤਾਂ ਮਾਣ ਭਰੇ ਕਦਮਾਂ ਨਾਲ
ਕੰਮ ਕਰਨ ਚਲੀ ਜਾਵੀਂ
ਤੇ ਚੇਤੇ ਰੱਖੀਂ, ਮੇਰੀ ਪਿਆਰੀ
ਕਿ ਮੈਂ ਤੈਨੂੰ ਤੱਕ ਰਿਹਾ ਹੋਵਾਂਗਾ
ਤੇ ਆਪਾਂ ਦੋਵੇਂ ਅੱਜ ਤੀਕ ਧਰਤੀ ਤੇ
ਇਕੱਠੀ ਕੀਤੀ ਗਈ ਸਭ ਦੌਲਤ
ਨਾਲੋਂ ਵੱਧ ਕੀਮਤੀ ਹਾਂ ।

## 3. ਪੁੱਤਰ

ਆਹ ! ਪੁੱਤਰ !
ਕੀ ਤੂੰ ਜਾਣਦਾ ?
ਕੀ ਤੈਨੂੰ ਖ਼ਬਰ ਹੈ ਤੂੰ ਕਿੱਥੋਂ ਆਇਆਂ ?

ਚਿੱਟੀਆਂ ਤੇ ਭੁੱਖੀਆਂ ਮੁਰਗਾਬੀਆਂ
ਦੀ ਭਰੀ ਝੀਲ ਵਿਚੋਂ ।

ਬਰਸਾਤ ਦੇ ਪਾਣੀ ਦੇ ਕੰਢੇ
ਮੈਂ ਤੇ ਉਸ ਨੇ ਇਕ ਧੂਣੀ ਬਾਲੀ
ਤੇ ਇਕ ਦੂਜੇ ਦੀਆਂ ਰੂਹਾਂ ਦੇ
ਚੁੰਮਣ ਲੈਂਦੇ ਆਪਣੇ ਬੁੱਲ੍ਹ ਥਕਾ ਲਏ ।
ਆਪਣੀਆਂ ਜ਼ਿੰਦਗੀਆਂ ਨੂੰ ਬਾਲਦੇ
ਸਭ ਕੁਝ ਅੱਗ ਦੀ ਭੇਟ ਕਰ ਦਿੱਤਾ ।

ਇੰਝ ਆਇਆ ਸੀ ਤੂੰ
ਇਸ ਧਰਤੀ ਤੇ ।
ਪਰ ਉਹ, ਮੈਨੂੰ ਤੇ ਤੈਨੂੰ ਤੱਕਣ ਲਈ,
ਇਕ ਦਿਨ ਸਮੁੰਦਰਾਂ ਤੋਂ ਪਾਰ ਚਲੀ ਗਈ
ਤੇ ਮੈਂ ਉਸ ਦੀ ਪਤਲੀ ਕਮਰ ਦੁਆਲੇ
ਗਲਵੱਕੜੀ ਪਾਉਣ ਲਈ
ਸਭ ਧਰਤੀਆਂ ਦੁਆਲੇ ਘੁੰਮਦਾ ਫਿਰਿਆ
ਜੰਗਾਂ ਤੇ ਪਹਾੜਾਂ ਵਿਚ
ਮਾਰੂ-ਥਲਾਂ ਤੇ ਕੰਢਿਆਂ ਵਿਚ

ਇੰਝ ਆਇਆ ਸੀ ਤੂੰ
ਇਸ ਧਰਤੀ ਤੇ ।

ਤੂੰ ਕਿੰਨੀਆਂ ਥਾਵਾਂ ਤੋਂ ਆਇਆ
ਪਾਣੀ ਤੇ ਧਰਤੀ ਤੋਂ
ਅੱਗ ਤੇ ਬਰਫ਼ ਤੋਂ
ਕਿੰਨੀ ਦੂਰੀ ਤੋਂ ਤੂੰ
ਸਾਡੇ ਦੋਹਾਂ ਵੱਲ ਸਫ਼ਰ ਕੀਤਾ
ਉਸ ਭਿਆਨਕ ਪਿਆਰ ਤੋਂ
ਜਿਸ ਸਾਨੂੰ ਦੋਹਾਂ ਨੂੰ ਜਕੜੀ ਰੱਖਿਆ
ਤੇ ਅਸੀਂ ਜਾਨਣਾ ਚਾਹੁੰਦੇ ਹਾਂ
ਕਿ ਤੂੰ ਕਿਸ ਤਰ੍ਹਾਂ ਦਾ ਸੀ,
ਤੇ ਤੂੰ ਸਾਨੂੰ ਕੀ ਕਹਿਣਾ ਹੈ
ਕਿਉਂਕਿ ਜਿਹੜੀ ਦੁਨੀਆਂ
ਅਸਾਂ ਤੈਨੂੰ ਦਿੱਤੀ,
ਤੂੰ ਉਸ ਬਾਰੇ ਵਧੇਰੇ ਜਾਣਦਾ ਸੀ

ਇਕ ਭਿਆਨਕ ਤੂਫਾਨ ਵਾਂਗ
ਅਸਾਂ ਜੀਵਨ ਦੇ ਰੁੱਖ ਨੂੰ
ਲੁਕੀਆਂ ਹੋਈਆਂ ਜੜ੍ਹਾਂ ਦੇ
ਧਾਗਿਆਂ ਤੀਕ ਹਿਲਾ ਕੇ ਰੱਖ ਦਿੱਤਾ
ਤੇ ਤੂੰ ਸਭ ਤੋਂ ਉੱਚੀ ਟਾਹਣੀ ਦੇ ਪੱਤਿਆਂ 'ਚੋਂ
ਅੱਜ ਗਾਉਂਦਾ ਹੋਇਆ ਪ੍ਰਗਟ ਹੋ ਰਿਹਾ ਹੈਂ,
ਤੇ ਅਸੀਂ ਵੀ ਇਸ ਉੱਚੀ ਟਾਹਣੀ ਨੂੰ
ਤੇਰੇ ਨਾਲ ਰਲ ਕੇ ਛੂਹ ਰਹੇ ਹਾਂ ।



## 4. ਝੰਡਾ

ਮੇਰੇ ਨਾਲ ਉੱਠ ਕੇ ਖਲੋ ।
ਮੈਥੋਂ ਵੱਧ ਕੌਣ ਚਾਹੁੰਦਾ ਹੈ
ਕਿ ਤੂੰ ਆਪਣੇ ਸਰ੍ਹਾਣੇ ਤੇ ਅੱਖਾਂ ਮੀਟੀ ਲੇਟਿਆ
ਮੇਰੀ ਦੁਨੀਆਂ ਵਲੋਂ ਅੱਖਾਂ ਬੰਦ
ਕਰਨ ਦੀ ਕੋਸ਼ਿਸ਼ ਕਰੇਂ
ਉਥੇ ਵੀ ਮੈਂ ਚਾਹੁੰਦਾ ਹਾਂ ਕਿ ਮੇਰਾ ਲਹੂ
ਤੇਰੀ ਮਿਠਾਸ ਦੇ ਆਲੇ-ਦੁਆਲੇ
ਘੇਰਾ ਪਾਇਆ ਸੁੱਤਾ ਰਵ੍ਹੇ ।

ਪਰ ਤੂੰ ਉੱਠ ਕੇ ਖਲੋ ਜਾ
ਤੂੰ ਖਲੋ
ਮੇਰੇ ਨਾਲ ਹੋ ਕੇ ਖਲੋ
ਤੇ ਆ ਦੋਵੇਂ ਇਕੱਠੇ ਤੁਰੀਏ
ਸ਼ੈਤਾਨ ਦੇ ਮੱਕੜੀ-ਜਾਲਾਂ ਦੇ ਵਿਰੁੱਧ
ਆਹਮੋ-ਸਾਹਮਣੇ ਲੜਦੇ ਹੋਏ
ਉਸ ਢਾਂਚੇ ਵਿਰੁੱਧ,
ਜਿਹੜਾ, ਭੁੱਖ ਵੰਡਦਾ ਹੈ,
ਤੇ ਜਾਣ ਬੁੱਝ ਕੇ ਪੈਦਾ ਕੀਤੇ ਦੁੱਖਾਂ ਵਿਰੁੱਧ,
ਆ ਚੱਲੀਏ,
ਤੇ ਤੂੰ ਮੇਰੇ ਸਿਤਾਰੇ, ਮੇਰੇ ਨਾਲ ਹੋਵੀਂ
ਮੇਰੀ ਆਪਣੀ ਮਿੱਟੀ ਦੇ ਉੱਗੇ ਨਵੇਂ ਮਨੁੱਖ
ਤੂੰ ਛੁਪਿਆ ਚਸ਼ਮਾ ਲੱਭ ਲਿਆ ਹੋਵੇਗਾ
ਤੇ ਬਲਦੀ ਅੱਗ ਵਿਚ ਤੂੰ ਮੇਰੇ ਨਾਲ ਨਾਲ ਹੋਵੀਂ
ਆਪਣੀਆਂ ਵਹਿਸ਼ੀ ਅੱਖਾਂ ਨਾਲ
ਮੇਰੇ ਝੰਡੇ ਨੂੰ ਉੱਚਾ ਉਠਾਉਂਦੇ ਹੋਏ ।

## 5. ਪਹਾੜ ਤੇ ਦਰਿਆ

ਮੇਰੇ ਦੇਸ਼ ਵਿਚ ਇਕ ਪਹਾੜ ਹੈ
ਮੇਰੇ ਦੇਸ਼ ਵਿਚ ਇਕ ਦਰਿਆ ਹੈ ।

ਤੂੰ ਮੇਰੇ ਨਾਲ ਆ
ਰਾਤ ਪਹਾੜ ਤੇ ਚੜ੍ਹ ਰਹੀ ਹੈ
ਭੁੱਖ ਹੇਠਾਂ ਦਰਿਆ ਵੱਲ ਉਤਰ ਰਹੀ ਹੈ,

ਤੂੰ ਮੇਰੇ ਨਾਲ ਆ
ਜੋ ਦੁੱਖ ਝੱਲਦੇ ਨੇ

ਉਹ ਕੌਣ ਲੋਕਨੇ
ਮੈਂ ਨਹੀਂ ਜਾਣਦਾ
ਪਰ ਉਹ ਮੇਰੇ ਹੀ ਲੋਕ ਹਨ ।

ਤੂੰ ਮੇਰੇ ਨਾਲ ਆ
ਮੈਨੂੰ ਨਹੀਂ ਪਤਾ
ਪਰ ਉਹ ਮੈਨੂੰ ਬੁਲਾਉਂਦੇ ਹਨ
ਤੇ ਆਖਦੇ ਹਨ,
"ਅਸੀਂ ਦੁੱਖ ਸਹਿ ਰਹੇ ਹਾਂ"
ਤੂੰ ਮੇਰੇ ਨਾਲ ਆ
ਤੇ ਉਹ ਮੈਨੂੰ ਆਖਦੇ ਹਨ,
ਤੇਰੇ ਲੋਕੀਂ
ਤੇਰੇ ਬਦਨਸੀਬ ਲੋਕੀਂ
ਪਹਾੜ ਤੇ ਦਰਿਆ ਦਰਮਿਆਨ
ਭੁੱਖ ਤੇ ਦੁੱਖ ਵਿਚਕਾਰ
ਉਹ ਇਕੱਲੇ ਸੰਘਰਸ਼ ਕਰਨਾ ਨਹੀਂ ਚਾਹੁੰਦੇ,

"ਦੋਸਤ", ਉਹ ਤੈਨੂੰ ਉਡੀਕ ਰਹੇ ਹਨ ।
ਤੇ ਤੂੰ, ਜਿਹਨੂੰ ਮੈਂ ਪਿਆਰ ਕਰਦਾ
ਨਿੱਕੇ ਤੇ ਕਣਕ ਦੇ ਸੁਰਖ ਦਾਣੇ ਵਰਗੀ,
ਸੰਘਰਸ਼ ਬਹੁਤ ਸਖ਼ਤ ਹੋਵੇਗਾ
ਜੀਵਨ ਬਹੁਤ ਔਖਾ ਹੋਵੇਗਾ ।

ਪਰ ਤੂੰ
ਤੂੰ ਮੇਰੇ ਨਾਲ ਨਾਲ
ਮੇਰੇ ਕੋਲ ਕੋਲ ਹੋਵੇਗੀ, ਮੇਰੀ ਪਿਆਰੀ!

## 6. ਸੂਰਮੇਂ ਦੀ ਵਾਰ

ਫੀਦਲ ! ਸਭ ਕੌਮਾਂ ਤੇਰੀਆਂ ਧੰਨਵਾਦੀ ਹਨ ।
ਕਿਉਂਕਿ ਤੂੰ ਸਦਾ ਉਹਨਾਂ ਲਈ ਹੀ ਬੋਲਿਆਂ
ਤੇ ਕੰਮ ਕਰਦਾ ਹੈਂ ।



ਏਸੇ ਕਾਰਨ, ਤੇਰੇ ਲਈ ਆਪਣੇ ਦੇਸ਼ ਦੀ ਸ਼ਰਾਬ
ਲਿਆਉਣ ਵਾਸਤੇ.
ਮੈਂ ਏਨਾ ਫਾਸਲਾ ਤਹਿ ਕੀਤਾ ਹੈ ।
ਇਹ ਉਹਨਾਂ ਖਾਣ-ਕਾਮਿਆਂ ਦੀ ਸ਼ਰਾਬ ਹੈ
ਜਿਹੜੇ ਧਰਤੀ-ਮਾਂ ਦੇ ਗੁਰਦਿਆਂ 'ਚੋਂ
ਅੱਗ ਕੱਢ ਕੇ ਆਪਣੀ ਰੋਟੀ ਕਮਾਉਂਦੇ ਨੇ ।

ਕੋਲੇ ਤੀਕ ਪਹੁੰਚਣ ਵਾਸਤੇ
ਉਹਨਾਂ ਨੂੰ ਸਮੁੰਦਰ ਦੀ ਤਹਿ ਤੀਕ
ਉਤਰਨਾ ਪੈਂਦਾ ਹੈ ।
ਤੇ ਵਾਪਸ ਮੁੜਦੇ ਹੋਏ ਉਹ
ਪੀਲੇ ਪ੍ਰਛਾਵਿਆਂ ਵਾਂਗ ਲੱਗਦੇ ਨੇ ।
ਨਿਰੰਤਰ ਰਾਤ ਉਹਨਾਂ ਦੀ ਹੋਣੀ ਹੈ
ਕਿਉਂਕਿ ਦਿਨ ਦਾ ਚਾਨਣ ਤੇ ਸੂਰਜ ਦੀ ਧੁੱਪ
ਉਹਨਾਂ ਤੋਂ ਖੋਹ ਲਈ ਗਈ ਹੈ ।

ਫੇਰ ਵੀ ਔਹ ਹੈ ਸ਼ਰਾਬ
ਉਹਨਾਂ ਦੀ ਤੇ ਗਲਾਸ ਤੇਰਾ ਹੈ
ਉਹਨਾਂ ਦੇ ਦੁੱਖਾਂ ਤੇ ਨਿਰੰਤਰ
ਸੜਕਾਂ 'ਚੋਂ ਬਣੀ ਸ਼ਰਾਬ

ਇਹ ਕੈਦੀ ਦੀ ਖ਼ੁਸ਼ੀ ਵਰਗੀ ਹੈ
ਜੋ ਆਸ ਤੇ ਹਨੇਰੇ ਨਾਲ ਭਰੀ ਹੋਈ ਹੋਵੇ
ਕੌਣ ਆਪਣੀ ਖਾਣ ਦੇ ਹਨੇਰੇ ਦੀ ਡੂੰਘਾਈ 'ਚੋਂ
ਬਾਹਰ ਦੀ ਸੁਗੰਧ ਸੁੰਘ ਕੇ
ਉਸ ਦੇ ਆਗਮਨ ਦਾ ਅੰਦਾਜ਼ਾ ਲਾ ਲੈਂਦਾ ਹੈ ?
ਉਹਨੂੰ ਪਤਾ ਹੈ ਕਿ ਮਨੁੱਖ ਹਾਰ ਨਹੀਂ ਮੰਨੇਗਾ
ਜਦੋਂ ਤੀਕ ਸਾਰਾ ਦੁਮੇਲ ਸਾਫ਼ ਨਹੀਂ ਹੋ ਜਾਂਦਾ ।

ਸਾਡੇ ਦੱਖਣੀ ਖਾਣ-ਕਾਮੇ ਤੇ
ਬਰਫ਼ ਦੇ ਮਾਰੇ ਪੈਂਟਾਗਨੀ ਚਰਵਾਹੇ
ਦੱਖਣੀ ਅਮਰੀਕਾ ਦੇ ਘਾਹ-ਮੈਦਾਨਾਂ ਦੇ ਯਤੀਮ
ਕਿਊਬਾ ਵੱਲ ਤੱਕਦੇ ਨੇ ।
ਕਲਈ ਤੇ ਚਾਂਦੀ ਦੇ ਭੰਡਾਰਾਂ ਦੇ ਪੁੱਤਰਾਂ ਦੇ ਪਿਓ
ਜਿਹੜੇ ਵੀ ਖਾਣਾਂ ਤੋਂ ਤਾਂਬਾ ਕੱਢਦੇ ਨੇ,

ਡੂੰਘੀਆਂ ਗੁਫਾਵਾਂ ਤੇ ਉੱਚੇ ਪਹਾੜਾਂ ਦੇ
ਉਹ ਬੱਚੇ, ਜਿਹੜੇ ਸਾਰਾ ਬਚਪਨ
ਕੁਰਲਾਉਂਦੇ ਹੀ ਰਹਿੰਦੇ ਹਨ,
ਤੇਰੇ ਵੱਲ ਵੇਖਦੇ ਹਨ।
ਫੀਡਲ ! ਸ਼ਰਾਬ ਦਾ ਇਹ ਗਲਾਸ ਫੜ ਲੈ
ਤੇ ਪੀ ਜਾ।
ਕਿਉਂਕਿ ਇਹ ਕਿੰਨੀਆਂ ਆਸਾਂ ਨਾਲ
ਭਰਿਆ ਪਿਆ ਹੈ !
ਪੀ ਲੈ, ਤੇ ਤੂੰ ਅਨੁਭਵ ਕਰੇਂਗਾਂ
ਕਿ ਤੇਰੀ ਵਿਜੈ
ਮੇਰੇ ਦੇਸ਼ ਦੀ ਸ਼ਰਾਬ ਵਰਗੀ ਹੈ।
ਇਹ ਸ਼ਰਾਬ ਕਿਸੇ ਇਕੱਲੇ ਨੇ ਨਹੀਂ,
ਸਗੋਂ ਬਹੁਤਿਆਂ ਨੇ ਕਸ਼ੀਦ ਕੀਤੀ ਹੈ
ਇਕ ਰਸ-ਭਰੇ ਅੰਗੂਰ 'ਚੋਂ ਨਹੀਂ
ਸਗੋਂ ਹਜ਼ਾਰਾਂ ਵਿਚੋਂ ਨਿਕਲੀ ਹੈ।
ਇਹ ਇਕ ਤੁਪਕਾ ਨਹੀਂ,
ਸਗੋਂ ਨਦੀਆਂ ਤੇ ਦਰਿਆਵਾਂ 'ਚੋਂ
ਵਗਦੀ ਹੈ।

ਇਹ ਇਕ ਜਰਨੈਲ ਨਹੀਂ,
ਸੈਂਕੜੇ ਹੀ ਪਲਟਣਾਂ ਹਨ
ਤੇਰੇ ਪੱਖ ਵਿਚ ਜੂਝਦੀਆਂ
ਕਿਉਂਕਿ ਤੂੰ ਸਾਡੀ ਸ਼ਾਨ,
ਲੰਮੀ ਤੇ ਸਖ਼ਤ ਲੜਾਈ ਦਾ ਪ੍ਰਤੀਕ ਹੈਂ।
ਜੇ ਕਿਊਬਾ ਹਾਰ ਜਾਂਦਾ
ਅਸੀਂ ਵੀ ਹਾਰ ਜਾਣਾ ਸੀ।
ਪਰ ਫਿਰ ਵੀ ਉੱਠਣ ਤੇ ਇਸ ਨੂੰ ਦੁਬਾਰਾ ਠੀਕ ਕਰਨ
ਲਈ।

ਜੇ ਇਹ ਬੇਬਹਾ ਫੁੱਲਾਂ ਨਾਲ ਖਿੜ ਉੱਠਦਾ ਹੈ
ਤਾਂ ਅਸੀਂ ਇਸ ਨੂੰ ਆਪਣੇ ਰਸਾਂ ਨਾਲ ਪਾਲਾਂਗੇ
ਤੇ ਜੇ ਕੋਈ ਕਿਊਬਾ ਦੀ ਆਜ਼ਾਦੀ ਨੂੰ
ਧਮਕਾਉਣ ਦੀ ਜੁਰਅਤ ਕਰੇ,



ਆਜ਼ਾਦੀ, ਜਿਹੜੀ ਤੂੰ ਆਪਣੇ ਹੱਥਾਂ ਨਾਲ ਜਿੱਤੀ ਹੈ
ਉਸ ਨੂੰ ਪਹਿਲਾਂ ਮੇਰੇ ਲੋਕਾਂ ਨਾਲ ਟੱਕਰ ਲੈਣੀ ਪਵੇਗੀ
ਅਸੀਂ ਆਪਣੀਆਂ ਨੱਪੀਆਂ ਬੰਦੂਕਾਂ
ਕੱਢ ਲਵਾਂਗੇ, ਤੇ ਤੇਰੀ ਆਜ਼ਾਦੀ ਦੀ ਰਾਖੀ ਲਈ
ਸਾਡਾ ਲਹੂ ਤੇ ਮਾਣ ਉੱਠ ਖੜਾ ਹੋਵੇਗਾ
ਕਿਊਬਾ ! ਮੇਰੀ ਪਿਆਰੀਏ ਭੈਣੇ !

## 7. ਅਣ-ਗਹਿਲੀ

ਸਾਰਾ ਪਿਆਰ
ਧਰਤੀ ਜਿੰਨੀ ਚੌੜੀ ਇਕ ਸੁਰਾਹੀ ਹੈ।
ਸਿਤਾਰਿਆਂ ਤੇ ਕੰਡਿਆਂ ਨਾਲ ਭਰਪੂਰ
ਸਾਰਾ ਪਿਆਰ ਮੈਂ ਤੈਨੂੰ ਦੇ ਦਿੱਤਾ
ਐਪਰ ਤੂੰ ਨਿੱਕੇ ਪੈਰਾਂ ਤੇ ਲਿੱਬੜੀਆਂ ਅੱਡੀਆਂ
ਨਾਲ, ਅੱਗ ਤੇ ਤੁਰਦੀ ਨੇ
ਇਸ ਨੂੰ ਬੁਝਾ ਦਿੱਤਾ।

ਆਹ ! ਪਿਆਰ ਕਿੰਨਾ ਵੱਡਾ ਸੀ
ਤੇ ਤੂੰ ਕਿੰਨੀ ਨਿੱਕੀ !
ਮੈਂ ਆਪਣੇ ਸੰਘਰਸ਼ ਵਿਚ ਰੁਕਿਆ ਨਹੀਂ
ਮੈਂ ਜ਼ਿੰਦਗੀ ਵੱਲ ਤਰਦਾ ਰੁਕ ਨਹੀਂ ਗਿਆ
ਅਮਨ, ਤੇ ਸਭ ਲਈ ਰੋਟੀ ਵੱਲ ਤੁਰਦਾ
ਪਰ ਮੈਂ ਤੈਨੂੰ ਆਪਣੀਆਂ ਬਾਹਾਂ ਤੇ ਚੁੱਕ ਲਿਆ
ਤੇ ਤੇਰੇ ਵੱਲ ਇੰਝ ਤੱਕਿਆ
ਕਿ ਕਦੇ ਵੀ ਕੋਈ ਮਨੁੱਖੀ ਅੱਖ
ਤੇਰੇ ਵੱਲ ਇੰਝ ਨਹੀਂ ਤੱਕੇਗੀ,

ਆਹ ! ਪਿਆਰ ਕਿੰਨਾ ਮਹਾਨ ਸੀ
ਤੇ ਤੂੰ ਕਿੰਨੀ ਨਿੱਕੀ !
ਤੂੰ ਉਦੋਂ ਮੇਰਾ ਰੁਤਬਾ ਅਨੁਭਵ ਨਹੀਂ ਸੀ ਕੀਤਾ
ਤੇ ਜਿਸ ਮਨੁੱਖ ਨੇ ਤੇਰੇ ਲਈ
ਲਹੂ, ਕਣਕ ਤੇ ਪਾਣੀ ਨੂੰ ਭੁਲਾ ਦਿੱਤਾ
ਤੂੰ ਉਸ ਨੂੰ ਆਪਣੀ ਸਰਕਟ ਤੇ ਡਿੱਗੇ
ਕੀੜੇ-ਪਤੰਗੇ ਦੀ ਤਰ੍ਹਾਂ ਸਮਝ ਲਿਆ।

ਆਹ ! ਮੇਰਾ ਪਿਆਰ ਕਿੰਨਾ ਮਹਾਨ ਸੀ
ਤੇ ਤੂੰ ਕਿੰਨੀ ਛੋਟੀ !
ਇਹ ਨਾ ਆਸ ਰੱਖੀ ਕਿ ਮੈਂ
ਦੂਰ ਤੋਂ ਤੇਰੇ ਵੱਲ ਮੁੜ ਮੁੜ ਕੇ ਤੱਕਾਂਗਾ
ਜੋ ਮੈਂ ਪਿੱਛੇ ਛੱਡ ਚੱਲਿਆਂ
ਉਸ ਨਾਲ ਹੀ ਗੁਜ਼ਾਰਾ ਕਰ
ਮੇਰੀ ਧੋਖੇ-ਭਰੀ ਤਸਵੀਰ ਨੂੰ ਚੁੱਕੀ ਫਿਰ ।

ਮੈਂ ਤੁਰਿਆ ਜਾਵਾਂਗਾ
ਪ੍ਰਛਾਵਿਆਂ 'ਚੋਂ ਖੁੱਲੀਆਂ ਸੜਕਾਂ ਖੋਲ੍ਹਦਾ ਹੋਇਆ
ਧਰਤੀ ਨੂੰ ਪੱਧਰੀ ਕਰਦਾ
ਆਉਣ ਵਾਲਿਆਂ ਲਈ ਸਿਤਾਰੇ ਵਿਛਾਉਂਦਾ ।

ਤੂੰ ਸੜਕ ਤੇ ਖਲੋਤੀ ਰਹੀਂ
ਤੇਰੇ ਲਈ ਰਾਤ ਉੱਤਰ ਆਈ ਹੈ
ਸ਼ਾਇਦ ਸਰਘੀ ਵੇਲੇ
ਆਪਾਂ ਫੇਰ ਇਕ ਦੂਜੇ ਨੂੰ ਤੱਕਾਂਗੇ ।

ਆਹ ! ਮਹਾਨ ਪਿਆਰ
ਆਹ ਛੋਟੀਏ ਪਿਆਰੀਏ !

—o—

ਵਾਘਿਓਂ ਪਾਰ

## ਲੱਪ ਕੁ ਦਿਹਾੜੇ/ਨਸੀਰ ਅਹਿਮਦ

ਜਿੱਥੇ ਉਮਰਾਂ ਤੋਂ ਖੁੰਝਦੇ ਪਰਾਗੇ ਦਮ ਦੇ
ਓਥੇ ਲੱਪ ਕੁ ਦਿਹਾੜੇ ਮੇਰੇ ਕਿਸ ਕੰਮ ਦੇ
ਜਿੱਥੇ ਰਾਤੜੀ ਦੀ ਟਾਹਣੀ ਤੋਂ ਨੇ ਛਾਂਗ ਲੈਂਦੇ ਨੂਰ
ਜਿੱਥੇ ਬੇਰੀਆਂ ਨੂੰ ਪੈਂਦਾ ਧਰਕੇਨੀਆਂ ਦਾ ਬੂਰ
ਜਿੱਥੇ ਸੱਧਰਾਂ ਦਾ ਲਹੂ ਪੀ ਕੇ ਲੈਂਦੇ ਨੇ ਸਰੂਰ
ਜਿੱਥੇ ਡਾਕੂ ਤੇ ਲੁਟੇਰੇ ਅਖਵਾਉਂਦੇ ਨੇ ਹਜ਼ੂਰ
ਜਿੱਥੇ ਆਉਂਦੇ ਨੇ ਮਕਾਣ ਲੋਕੋ ਮੇਲ ਗ਼ਮ ਦੇ
ਜਿੱਥੇ ਅੱਖਾਂ ਚੋਂ ਨਾ ਹੰਝੂਆਂ ਦੇ ਹੜ੍ਹ ਥੰਮ੍ਹਦੇ
ਜਿੱਥੇ ਸੂਰਜਾਂ ਦੇ ਘਰ ਕਾਲੇ ਬੋਟ ਜੰਮਦੇ
ਓਥੇ ਲੱਪ ਕੁ ਦਿਹਾੜੇ ਮੇਰੇ ਕਿਸ ਕੰਮ ਦੇ ?

—o—



ਵਿਚਾਰ ਚਰਚਾ

## ਵਾਘਿਓਂ ਪਾਰ ਉਰਦੂ ਸ਼ਾਇਰੀ

ਜਸਵੰਤ ਸਿੰਘ ਵਿਰਦੀ

ਏਸ਼ੀਆ ਦੇ ਬਹੁਤੇ ਦੇਸ਼ਾਂ ਵਿਚ ਮਨੁੱਖੀ ਹੱਕਾਂ ਦੀ ਆਜ਼ਾਦੀ ਨਾਂ ਦੀ ਕੋਈ ਚੀਜ਼ ਨਹੀਂ ਹੈ। ਜੰਗਲੀ ਜਾਨਵਰਾਂ ਅਤੇ ਪਰਿੰਦਿਆਂ ਨੂੰ ਨਾ ਮਾਰਨ ਲਈ ਕਾਨੂੰਨ ਹਨ ਪਰ ਮਨੁੱਖ ਨੂੰ ਮਾਰਨ ਦਾ ਕੰਮ ਲਗਾਤਾਰ ਜਾਰੀ ਹੈ। ਪਾਕਿਸਤਾਨ ਵੀ ਅਪਵਾਦ ਨਹੀਂ ਹੈ।

ਪਾਕਿਸਤਾਨ ਵਿਚ ਮਨੁੱਖ ਅਤੇ ਲੇਖਕ ਆਜ਼ਾਦੀ ਵਾਸਤੇ ਜੂਝ ਰਹੇ ਹਨ। ਪਰ ਇਹ ਆਜ਼ਾਦੀ ਉਹਨੂੰ ਕੁਝ ਪਲਾਂ ਵਾਸਤੇ ਹੀ ਮਿਲਦੀ ਹੈ। ਫੇਰ ਹਨੇਰੀ ਰਾਤ ਵਰਗਾ ਮਾਹੌਲ ਉਹਨਾਂ ਦੀ ਸੋਚ ਤੇ ਹਾਵੀ ਹੋ ਜਾਂਦਾ ਹੈ ਅਗਲੇ ਪਲ ਹੀ ਕੀ ਹੋ ਜਾਵੇਗਾ, ਕਿਸੇ ਨੂੰ ਵੀ ਨਹੀਂ ਪਤਾ। ਕਤੀਲ ਸ਼ਫਾਈ ਆਪਣੀ ਇਕ ਗ਼ਜ਼ਲ ਵਿਚ ਕਹਿੰਦਾ ਹੈ :

ਕਿਆ ਕੁਛ ਹੋਨੇ ਵਾਲਾ ਹੈ, ਯਹ ਤੁਮ ਕੋ ਨਹੀਂ ਅੰਦਾਜ਼ਾ
ਸ਼ਹਿਰ ਕੇ ਲੋਗੋ ਖੁਲ੍ਹਾ ਨਾ ਰਖਨਾ ਕੋਈ ਭੀ ਦਰਵਾਜ਼ਾ

ਇਕ ਹੋਰ ਗ਼ਜ਼ਲ ਵਿਚ ਇਹੋ ਹੀ ਕਵੀ ਕਹਿੰਦਾ ਹੈ :

ਰਾਤ ਕੀ ਚੁਪ ਮੇਂ ਦਿਲ ਕੀ ਧੜਕਨ ਤੇਜ਼ ਕਰੋ
ਕੋਈ ਤੋ ਆਵਾਜ਼ ਪੜੇਗੀ ਕਾਨੋਂ ਮੇਂ

ਜਿਥੇ ਲਿਖਣ ਤੇ ਬੋਲਣ ਦੀ ਆਜ਼ਾਦੀ ਨਾ ਹੋਵੇ, ਉੱਥੇ ਲੇਖਕ ਆਪਣੇ ਵਿਚਾਰਾਂ ਦੇ ਪ੍ਰਗਟਾਵੇ ਵਾਸਤੇ ਪ੍ਰਤੀਕਾਂ ਦਾ ਸਹਾਰਾ ਲੈਂਦਾ ਹੈ। ਇਹ ਸਹਾਰਾ ਲੇਖਕ ਵਾਸਤੇ ਤਿਣਕੇ ਦਾ ਸਹਾਰਾ ਹੀ ਹੈ, ਪਰ ਕਈ ਵਾਰ ਇਹ ਜ਼ਰੂਰੀ ਹੋ ਜਾਂਦਾ ਹੈ। ਖਾਮੋਸ਼ ਹੋ ਜਾਣ ਨਾਲੋਂ ਇਹ ਸਹਾਰਾ ਬਹੁਤ ਬਿਹਤਰ ਹੈ। ਸਹੀ ਤੇ ਸਪਸ਼ਟ ਸੋਚ ਵਾਲੇ ਕਵੀ ਇਸ ਰਾਹੀਂ ਵਧੀਆ ਗੱਲ ਵੀ ਕਹਿ ਜਾਂਦੇ ਹਨ। ਇਸ ਸੰਬੰਧ ਵਿਚ "ਸਈਦ ਹਸਨ ਨਾਸਿਰ" ਦੀ ਇਕ ਨਜ਼ਮ ਸਾਡਾ ਧਿਆਨ ਖਿਚਦੀ ਹੈ—

ਬੇਟੇ !
ਮੈਂ ਤੇਰਾ ਨਾਂ
ਜੁਗਨੂੰ ਰੱਖਿਆ ਤਾਂ ਸੋਚਿਆ ਸੀ
ਜਗਮਗ ਕਰਦਾ ਜੁਗਨੂੰ ਰਾਤ ਦੀ ਤਨਹਾਈ ਵਿਚ
ਆਪਣੇ ਹੋਣ ਦਾ ਅਹਿਸਾਸ ਦਿਵਾਂਦਾ ਹੈ
ਜ਼ਿੰਦਾ ਰਹਿਣ ਦੀ ਤਹਿਰੀਕ ਦਿਵਾਂਦਾ ਹੈ
ਪਰ ਨਾਂ 'ਚ ਕੀ ਰੱਖਿਆ ਹੈ
ਮੈਂ ਤਾਂ ਆਪਣੇ ਖ਼ੁਾਬਾਂ ਦੀ ਤਸਕੀਨ ਦੀ ਖ਼ਾਤਿਰ
ਖ਼ੁਦ ਆਪਣੀ ਪਛਾਣ ਦੀ ਖ਼ਾਤਿਰ
ਤੈਨੂੰ ਜੁਗਨੂੰ ਕਹਿੰਦਾ ਹਾਂ

ਪਾਕਿਸਤਾਨ ਦੀ ਮੌਜੂਦਾ ਸ਼ਾਇਰੀ ਬਾਰੇ ਗੱਲ ਕਰਨ ਤੋਂ ਪਹਿਲਾਂ ਇਹ ਗੱਲ

ਸਪਸ਼ਟ ਕਰ ਦੇਣੀ ਜ਼ਰੂਰੀ ਬਣਦੀ ਹੈ ਕਿ ਸਾਡੇ ਦੇਸ਼ ਵਿਚ ਜਿਨ੍ਹਾਂ ਪਾਕਿਸਤਾਨੀ ਕਵੀਆਂ ਦਾ ਕਲਾਮ ਮਿਲਦਾ ਹੈ, ਕੇਵਲ ਉਨ੍ਹਾਂ ਦਾ ਹੀ ਇਥੇ ਜ਼ਿਕਰ ਕੀਤਾ ਗਿਆ ਹੈ। ਹੋ ਸਕਦੈ, ਬਹੁਤ ਸਾਰੇ ਨਾਮਵਰ ਕਵੀ ਰਹਿ ਵੀ ਗਏ ਹੋਣ! ਇਸ ਦਾ ਕਾਰਣ ਇਹੋ ਹੀ ਹੈ ਕਿ ਉਨ੍ਹਾਂ ਦਾ ਕਲਾਮ ਉਪਲਬਧ ਨਹੀਂ ਹੋ ਸਕਿਆ। ਇਹ ਲੇਖਕ ਦੀ ਮਜ਼ਬੂਰੀ ਹੈ।

ਦੂਸਰੀ ਗੱਲ ਇਹ ਹੈ ਕਿ ਮੇਰੇ ਖਿਆਲ ਵਿਚ ਪਾਕਿਸਤਾਨੀ ਕਵੀਆਂ 'ਚ ਜੇਕਰ ਅੱਜ ਜੁਰਅੱਤ ਕਾਇਮ ਨਜ਼ਰ ਆਉਂਦੀ ਹੈ ਤਾਂ ਉਸ ਦਾ ਵੱਡਾ ਕਾਰਣ ਫੈਜ਼ ਅਹਿਮਦ ਫੈਜ਼ ਵਰਗੇ ਮਹਾਨ ਕਵੀਆਂ ਦੀ ਅਗਵਾਈ ਹੀ ਹੈ। ਇਸ ਲਈ ਕਵੀਆਂ ਦੇ ਕਲਾਮ ਬਾਰੇ ਗਲ ਕਰਨ ਤੋਂ ਪਹਿਲਾਂ ਫੈਜ਼ ਸਾਹਿਬ ਦੇ ਲੇਖਕਾਂ ਨੂੰ ਦਿਤੇ ਗਏ ਐਲਾਨਨਾਮੇ ਤੋਂ ਜਾਣੂ ਹੋ ਜਾਣਾ ਜ਼ਰੂਰੀ ਬਣਦਾ ਹੈ।

ਫੈਜ਼ ਸਾਹਿਬ ਹੁਣ ਸਾਡੇ ਵਿਚਕਾਰ ਨਹੀਂ ਰਹੇ, ਪਰ ਕਿਸੇ ਵੇਲੇ ਪਾਕਿਸਤਾਨ ਦੇ ਨਵੇਂ ਲਿਖਣ ਵਾਲਿਆਂ ਨੂੰ ਜਿਹੜਾ ਉਨ੍ਹਾਂ ਨੇ ਸੰਦੇਸ਼ ਦਿੱਤਾ ਸੀ, ਉਹ ਅੱਜ ਵੀ ਪੂਰੀ ਤਰ੍ਹਾਂ ਸਾਰਥਕ ਹੈ। ਕੇਵਲ ਪਾਕਿਸਤਾਨ ਦੇ ਲੇਖਕਾਂ ਅਤੇ ਲੋਕਾਂ ਵਾਸਤੇ ਹੀ ਨਹੀਂ, ਸਾਡੇ ਲੇਖਕਾਂ ਅਤੇ ਲੋਕਾਂ ਵਾਸਤੇ ਵੀ ਉਹ ਬਹੁਤ ਹੀ ਮਹੱਤਵਪੂਰਣ ਹੈ। ਫ਼ੈਜ਼ ਸਾਹਿਬ ਨੇ ਕਿਹਾ ਸੀ—

"ਕੁਝ ਵਰ੍ਹੇ ਪਹਿਲਾਂ ਮੈਂ ਕਰਾਚੀ ਵਿਚ ਸਾਂ। ਮੈਂ ਕੁਝ ਲਿਖਣ ਵਾਲਿਆਂ ਨੂੰ ਤਿਆਰ ਕੀਤਾ ਕਿ ਉਹ ਹੋਰ ਲਿਖਣ ਵਾਲਿਆਂ ਨੂੰ ਇਕ ਪੈਗ਼ਾਮ ਦੇਣ (ਇਹ ਪੈਗ਼ਾਮ ਮੈਂ ਤਿਆਰ ਕੀਤਾ ਸੀ)। ਉਸ ਵੇਲੇ ਇਸ ਪੈਗ਼ਾਮ ਦਾ ਕੋਈ ਚੰਗਾ ਨਤੀਜਾ ਨਾ ਨਿਕਲਿਆ। ਹੁਣ ਮੈਂ ਉਹੋ ਹੀ ਪੈਗ਼ਾਮ ਇਸ ਉਮੀਦ ਨਾਲ ਦੁਬਾਰਾ ਛਾਪ ਰਿਹਾ ਹਾਂ ਕਿ ਸ਼ਾਇਦ ਕੁਝ ਲਿਖਣ ਵਾਲਿਆਂ ਨੂੰ ਇਸ ਨਾਲ ਸਾਂਝ ਦਾ ਅਹਿਸਾਸ ਹੋਵੇ ਅਤੇ ਉਹ ਰਲ ਮਿਲਕੇ ਕੰਮ ਕਰਨ ਵਾਸਤੇ ਸਹਿਮਤ ਹੋ ਜਾਣ!"

"ਉਹ ਇਸ ਵੇਲੇ ਦੁਨੀਆਂ ਭਰ ਦੇ ਅਵਾਮ ਦਾ ਵਫਾਦਾਰ ਹੈ। ਉਹਦਾ ਕੰਮ ਹੈ ਕਿ ਉਹ ਅਵਾਮ ਦੁਸ਼ਮਣਾਂ ਅਤੇ ਦੋਸਤਾਂ ਵਿਚ ਫਰਕ ਕਰੇ ਅਤੇ ਅਵਾਮ ਨੂੰ ਇਸ ਗੱਲ ਦੀ ਪਛਾਣ ਕਰਾਵੇ। ਉਨ੍ਹਾਂ ਨੂੰ ਦੱਸੇ ਕਿ ਕੌਣ ਉਨ੍ਹਾਂ ਨੂੰ ਆਜ਼ਾਦੀ ਦਿਵਾਣ ਅਤੇ ਉਨ੍ਹਾਂ ਦੀ ਜ਼ਿੰਦਗੀ ਵਿਚ ਹੁਸਨ ਤੇ ਪਾਕੀਗਜ਼ੀ ਲਿਆਣ ਤੇ ਹਰ ਕਿਸਮ ਦੇ ਸੋਸ਼ਣ ਨੂੰ ਖਤਮ ਕਰਨ ਵਿਚ ਜੁਟੇ ਹੋਏ ਹਨ। ਅਤੇ, ਕੌਣ ਉਨ੍ਹਾਂ ਨੂੰ ਗੁਲਾਮ ਬਣਾਨ, ਉਨ੍ਹਾਂ ਨੂੰ ਲੁੱਟਣ, ਉਨ੍ਹਾਂ ਨੂੰ ਕੁਰਪਟ ਕਰਨ ਅਤੇ ਉਨ੍ਹਾਂ ਦੀ ਕਮਜ਼ੋਰੀ ਤੋਂ ਫਾਇਦਾ ਲੈਣ ਵਾਸਤੇ ਰੁੱਝੇ ਹੋਏ ਹਨ। ਅਤੇ, ਮਕਰ ਤੇ ਫਰੇਬ, ਜਬਰ ਤੇ ਜ਼ੁਲਮ ਨਾਲ ਆਪਣੀ ਪ੍ਰਭੁਸੱਤਾ ਦੀ ਉਮਰ ਵਧਾਉਣ ਵਿਚ ਲਗੇ ਹੋਏ ਹਨ।"

"ਪਾਕਿਸਤਾਨ ਵਿਚ ਸੰਜੀਦਾ ਲਿਖਣ ਵਾਲਿਆਂ ਨੂੰ ਬਿਨਾ ਖ਼ੌਫ਼ ਤੇ ਖਤਰੇ ਦੇ ਸਾਫ ਸੱਚੀਆਂ ਗੱਲਾਂ ਕਰਨੀਆਂ ਚਾਹੀਦੀਆਂ ਨੇ, ਅਤੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਤੇ ਅਮਲ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਜ਼ਬਰ ਤੇ ਜ਼ੁਲਮ ਨੂੰ ਬੇਨਕਾਬ ਕਰਨਾ ਚਾਹੀਦਾ ਹੈ, ਅਤੇ ਜਿਹੜੀਆਂ ਬੇਇਨਸਾਫੀਆਂ ਹੋ ਰਹੀਆਂ ਨੇ, ਉਨ੍ਹਾਂ ਨੂੰ ਨੰਗਾ ਕਰਨਾ ਚਾਹੀਦਾ



ਹੈ, ਸਮਾਜੀ, ਆਰਥਿਕ ਅਤੇ ਬੌਧਿਕ ਨਾਬਰਾਬਰੀ ਨੂੰ ਬੇਨਕਾਬ ਕਰਨਾ ਚਾਹੀਦਾ ਹੈ।

ਅੱਜ ਲਿਖਣ ਵਾਲਿਆਂ ਦਾ ਕੰਮ ਇਹ ਹੈ ਕਿ ਉਹ ਸਾਮਰਾਜਵਾਦ, ਨਸਲਪ੍ਰਸੱਤੀ ਅਤੇ ਨਵ-ਉਪਨਿਵੇਸ਼ਵਾਦੀ ਨਿਜ਼ਾਮ ਦੀ ਮੁਖਾਲਫਤ ਕਰਨ, ਅਤੇ ਪੂਰਬ ਤੇ ਪੱਛਮ ਦੇ ਅਵਾਮ ਨਾਲ ਮੁਹੱਬਤ ਕਰਨ। ਆਜ਼ਾਦੀ, ਜਮਹੂਰੀਅਤ ਅਤੇ ਇਨਸਾਨੀ ਹੱਕਾਂ ਵਾਸਤੇ ਜਦੋਂਜਹਿਦ ਕਰਨ ਵਾਲਿਆਂ ਦੀ ਪੁਰਜ਼ੋਰ ਹਿਮਾਇਤ ਕਰਨ। ਉਹਨਾਂ ਨੂੰ ਸਾਮਰਾਜਵਾਦ ਦੀ ਦਖਲ-ਅੰਦਾਜ਼ੀ ਵਾਲੀ ਸਾਜ਼ਿਸ਼ ਅਤੇ ਸਾਮੱਗਰੀ ਦੇ ਨਾਲ-ਨਾਲ ਜੰਗੀ ਤਿਆਰੀਆਂ ਦੀ ਵਿਰੋਧਤਾ ਕਰਨੀ ਚਾਹੀਦੀ ਹੈ ਅਤੇ ਆਜ਼ਾਦੀ ਤੇ ਅਮਨ ਦੀ ਹਿਮਾਇਤ ਕਰਨੀ ਚਾਹੀਦੀ ਹੈ।"

"ਅਸੀਂ ਚਾਹੁੰਦੇ ਹਾਂ ਕਿ ਲਿਖਨ ਵਾਲਿਆਂ ਨੂੰ ਆਜ਼ਾਦੀ ਮਿਲਣੀ ਚਾਹੀਦੀ ਹੈ ਕਿ ਉਹ ਆਪਣੀ ਨਿਜਾਤ ਦਾ ਰਾਹ ਖੁਦ ਤਲਾਸ਼ ਕਰਨ ਅਤੇ ਉਹਨਾਂ ਤੇ ਕਿਸੇ ਖਾਸ ਸਿਆਸੀ ਪ੍ਰੋਗਰਾਮ ਨੂੰ ਮੰਨਣ ਦੀ ਪਾਬੰਦੀ ਨਹੀਂ ਹੋਣੀ ਚਾਹੀਦੀ। ਇਹ ਗੱਲ ਕਹਿਣ 'ਚ ਵੀ ਸਾਨੂੰ ਝਿਜਕ ਨਹੀਂ ਹੈ ਕਿ ਇਹ ਗੱਲਾਂ ਘੱਟੋ-ਘੱਟ ਸਭਨਾਂ ਲਿਖਣ ਵਾਲਿਆਂ ਨੂੰ ਸਵੀਕਾਰ ਕਰਨੀਆਂ ਚਾਹੀਦੀਆਂ ਹਨ।"

"ਅਸੀਂ ਚਾਹੁੰਦੇ ਹਾਂ ਕਿ ਪਾਕਿਸਤਾਨ ਦੇ ਉਹ ਸਾਰੇ ਹੀ ਲਿਖਣ ਵਾਲੇ ਮਿਲ ਬੈਠਣ ਜਿਹੜੇ ਇਹਨਾਂ ਗੱਲਾਂ ਬਾਰੇ ਬਹਿਸ ਕਰਨੀ ਚਾਹੁੰਦੇ ਹਨ। ਉਹ ਆਪਣੇ ਰਚਨਾਤਮਕ ਕੰਮਾਂ ਵਾਸਤੇ ਇਕ ਨਵਾਂ ਐਲਾਨਨਾਮਾ ਤਿਆਰ ਕਰਨ ਜਿਹੜਾ ਅੱਜ ਦੇ ਲਿਖਣ ਵਾਲਿਆਂ ਦੀ ਰਾਹਨੁਮਾਈ ਕਰੇ ਅਤੇ ਨਵੀਂ ਨਸਲ ਦੀ ਸੋਚ-ਧਾਰਾ ਤੇ ਰਚਨਾਤਮਕ ਅਮਲ ਵਿਚ ਚਾਨਣਮੁਨਾਰਾ ਬਣੇ। ਜਿਸ ਨਾਲ ਅਵਾਮ ਸ਼ਊਰ ਦੀ ਰੋਸ਼ਨੀ ਨਾਲ ਪੁਰਨੂਰ ਹੋ ਕੇ ਆਪਣੇ ਦੋਸਤ ਤੇ ਦੁਸ਼ਮਣ ਵਿਚ ਤਮੀਜ਼ ਕਰ ਸਕਣ।"

"ਸਾਡੇ ਸਮਕਾਲੀ ਲਿਖਣ ਵਾਲਿਓ! ਅਸੀਂ ਤੁਹਾਨੂੰ ਬੇਨਤੀ ਕਰਦੇ ਹਾਂ ਕਿ ਤੁਸੀਂ ਪਾਕਿਸਤਾਨ ਵਿਚ ਹੋਣ ਵਾਲੇ ਰਚਨਾਤਮਕ ਅਮਲ ਤੋਂ ਸੰਤੁਸ਼ਟ ਹੋ? ਕਿ ਅੱਜ ਦੇ ਲਿਖਣ ਵਾਲਿਆਂ ਵਿਚ ਉਹੋ ਹੀ ਸਰਖੁਸ਼ੀ, ਉਹੋ ਹੀ ਵਿਆਕੁਲਤਾ ਮੌਜੂਦ ਹੈ, ਜਿਹੜੀ ਆਜ਼ਾਦੀ ਤੋਂ ਪਹਿਲਾਂ ਇਸ ਮਹਾਂਦੀਪ ਦੇ ਲਿਖਣ ਵਾਲਿਆਂ ਵਿਚ ਸੀ?"

ਕੀ ਉਹਨਾਂ ਦੇ ਸ਼ਬਦਾਂ ਵਿਚ ਉਹੋ ਹੀ ਹੁਸਨੇ-ਤਰਤੀਬ ਅਤੇ ਕਲਪਨਾ ਵਿਚ ਉਹੋ ਹੀ ਬੁਲੰਦੀ ਤੇ ਸਫਾਈ ਮੌਜੂਦ ਹੈ—ਕੀ ਉਹਨਾਂ ਵਿਚ ਤਜਰਬੇ ਅਤੇ ਸ਼ਖਸ਼ੀਅਤ ਵਿਚ ਉਹੋ ਹੀ ਇਕਸੁਰਤਾ, ਜੁਰਅਤ, ਸਦਾਕਤ, ਮੁਹੱਬਤ ਅਤੇ ਖੁਸ਼ਗਵਾਰ ਭਵਿੱਖ ਵਿਚ ਉਹੋ ਹੀ ਪੁਰਉਮੀਦ ਵਿਸ਼ਵਾਸ ਮੌਜੂਦ ਹੈ?

ਕੀ ਤੁਸੀਂ ਮਹਿਸੂਸ ਕਰਦੇ ਹੋ ਕਿ ਜੋ ਕੁਝ ਅੱਜ ਲਿਖਿਆ ਜਾ ਰਿਹਾ ਹੈ, ਉਸ ਦਾ ਬਹੁਤ ਵੱਡਾ ਹਿੱਸਾ ਮੰਤਵ ਰਹਿਤ ਤੇ ਸਤਹੀ ਹੈ ਅਤੇ ਦ੍ਰਿਸ਼ਟੀਕੋਣ ਦੀਆਂ ਉਲਝਣਾਂ ਨਾਲ ਭਰਿਆ ਪਿਆ ਹੈ। ਉਹਨਾਂ ਵਿਚ ਜਿਹਨਾਂ ਭਾਵਾਂ ਦਾ ਪ੍ਰਗਟਾਵਾ ਹੁੰਦਾ ਹੈ, ਉਹ ਸਦਾਚਾਰ ਤੋਂ ਖਾਲੀ ਹਨ। ਉਸ ਵਿਚੋਂ ਲਾਲਚ ਤੇ ਹਵਸ ਝਲਕਦੀ ਹੈ। ਉਸ ਵਿਚ

ਡਰ ਦਾ ਭਾਵ ਹੈ। ਸਾਡੇ ਸਾਹਿਤ ਵਿਚ ਯਕੀਨ ਅਤੇ ਸਿਦਕ ਦੀ ਘਾਟ ਹੈ ਅਤੇ ਇਹ ਘਾਟ ਦਿਨੋ-ਦਿਨ ਵਧਦੀ ਜਾ ਰਹੀ ਹੈ। ਸਾਡੇ ਸਾਹਿਤ ਵਿਚ ਪਾਖੰਡ ਅਤੇ ਬੇਕਾਰੀ ਦੀ ਭਰਮਾਰ ਹੈ। ਜੇਕਰ ਪਹਿਲੇ ਸਵਾਲ ਦਾ ਜਵਾਬ 'ਹਾਂ' ਵਿਚ ਹੈ ਤਾਂ ਕੀ ਹੁਣ ਵਕਤ ਨਹੀਂ ਆ ਗਿਆ ਕਿ ਅਸੀਂ ਸਾਰੇ ਹੀ ਸਿਰ ਜੋੜ ਕੇ ਬੈਠੀਏ ਅਤੇ ਇਹਦੇ ਬਾਰੇ ਕੁਝ ਕਰੀਏ। ਸੋਚਣ ਵਾਲੀ ਗੱਲ ਇਹ ਹੈ ਕਿ ਕੀ ਕੀਤਾ ਜਾਵੇ। ਸਾਡੇ ਖਿਆਲ ਵਿਚ, ਅਸੀਂ ਲਿਖਣ ਵਾਲਿਆਂ ਲਈ ਬੁਨਿਆਦੀ ਅਸੂਲਾਂ ਨੂੰ ਜ਼ਾਹਰ ਕਰੀਏ ਤਾਂ ਕਿ ਉਹ ਆਪਣੇ ਨਿੱਜ ਨੂੰ ਲੱਭ ਸਕਣ ਅਤੇ ਆਪਣੀਆਂ ਸਾਮੂਹਿਕ ਜ਼ਿੰਮੇਵਾਰੀਆਂ ਨੂੰ ਨਿਭਾ ਸਕਣ।

ਇਕੋ ਜਿਹੀ ਸੋਚ ਰੱਖਣ ਵਾਲਿਆਂ ਵਿਚਕਾਰ ਫੇਰ ਮੁੜ ਕੇ ਸੰਪਰਕ ਕਾਇਮ ਕੀਤਾ ਜਾਵੇ ਅਤੇ ਉਹਨਾਂ ਵਿਚ ਦੋਸਤੀ ਕਾਇਮ ਕੀਤੀ ਜਾਵੇ ਤਾਂ ਕਿ ਲਿਖਣ ਵਾਲੇ ਤਨਹਾਈ ਤੇ ਬੇਗਾਨਗੀ ਦੇ ਖੋਲ ਵਿਚੋਂ ਬਾਹਰ ਨਿਕਲਣ। ਸਾਡਾ ਯਕੀਨ ਹੈ ਕਿ ਹਰੇਕ ਸੰਜੀਦਾ ਲਿਖਣ ਵਾਲਾ ਵਚਨਬੱਧਤਾ ਰੱਖਦਾ ਹੈ ਅਤੇ ਉਹਦੀ ਆਪਣੇ ਨਿੱਜ ਨਾਲ ਪਛਾਣ ਹੁੰਦੀ ਹੈ ਅਤੇ ਆਪਣੀ ਕਲਾ ਨਾਲ ਵੀ। ਉਹਨੂੰ ਤਰ੍ਹਾਂ-ਤਰ੍ਹਾਂ ਦੇ ਡਰਾਂ ਨਾਲ ਆਪਣੀ ਵਫਾਦਾਰੀ ਅਤੇ ਆਪਣੀ ਰਾਏ ਛੱਡ ਨਹੀਂ ਦੇਣੀ ਚਾਹੀਦੀ। ਮੌਕਾਪ੍ਰਸਤੀ ਦਾ ਦਿਖਾਵਾ ਨਹੀਂ ਕਰਨਾ ਚਾਹੀਦਾ ਅਤੇ ਕੁਝ ਟਕਿਆਂ ਖਾਤਿਰ ਆਪਣਾ ਕਲਾਤਮਕ ਦ੍ਰਿਸ਼ਟੀ-ਕੋਣ ਨਹੀਂ ਵੇਚਣਾ ਚਾਹੀਦਾ।

ਉਹਨਾਂ ਨੂੰ ਆਪਣੇ ਅਨੁਭਵਾਂ ਅਤੇ ਪਛਾਣ ਨਾਲ ਬੇਵਫਾਈ ਨਹੀਂ ਕਰਨੀ ਚਾਹੀਦੀ ਅਤੇ ਨਾ ਹੀ ਸੁਆਰਥ ਭਰਿਆ ਵਤੀਰਾ ਧਾਰਣ ਕਰਨਾ ਚਾਹੀਦਾ ਹੈ। ਕੋਈ ਬਾਹਰਲਾ ਦਬਾਉ ਵੀ ਨਹੀਂ ਕਬੂਲ ਕਰਨਾ ਚਾਹੀਦਾ।

ਲਿਖਣ ਵਾਲਾ ਆਪਣੇ ਮੁਲਕ ਅਤੇ ਅਵਾਮ ਦਾ ਵਫਾਦਾਰ ਹੁੰਦਾ ਹੈ। ਉਹ ਅਵਾਮ ਦਾ ਦੋਸਤ, ਉਸ ਦਾ ਦਾਨਿਸ਼ਵਰ ਅਤੇ ਰਾਹਨੁਮਾ ਹੁੰਦਾ ਹੈ। ਉਹਦਾ ਕੰਮ ਹੈ, ਅਵਾਮ ਨੂੰ ਜਹਾਲਤ, ਤੋਹਮਤ, ਰਵਾਇਤ ਅਤੇ ਪੱਖਪਾਤ ਦੇ ਹਨੇਰੇ ਵਿਚੋਂ ਕੱਢਣਾ ਅਤੇ ਇਲਮ ਤੇ ਅਕਲ ਦੇ ਚਾਨਣ ਵੱਲ ਲੈ ਜਾਣਾ। ਉਹਦਾ ਕੰਮ ਹੈ, ਅਵਾਮ ਨੂੰ ਜਬਰ ਵਲੋਂ ਆਜ਼ਾਦੀ ਵੱਲ ਅਤੇ ਮਾਯੂਸੀ ਵਲੋਂ ਉਮੀਦ ਵੱਲ ਲੈ ਜਾਣਾ।"

ਫ਼ੈਜ਼ ਸਾਹਿਬ ਦੇ ਇਸ ਸੰਦੇਸ਼ ਨੇ ਨਾ ਕੇਵਲ ਪਾਕਿਸਤਾਨੀ ਲੇਖਕਾਂ ਵਿਚ ਹੀ ਜੁਰਅਤ ਅਤੇ ਸਿਦਕ-ਦਿਲੀ ਨਹੀਂ ਭਰੀ, ਸਗੋਂ ਏਸ਼ੀਆ ਦੇ ਹੋਰ ਮੁਲਕਾਂ ਦੇ ਲੇਖਕਾਂ ਨੂੰ ਇਸ ਨੇ ਇਕ ਨਵੀਂ ਦਿਸ਼ਾ ਦਿੱਤੀ ਸੀ। ਪਿਛਲੇ ਵਰ੍ਹਿਆਂ ਵਿਚ ਪੂੰਜੀਵਾਦੀ ਕਦਰਾਂ ਕੀਮਤਾਂ ਦੇ ਦਿਖਾਵੇ ਭਰੇ ਤਮਾਸ਼ੇ ਨੇ ਏਸ਼ੀਆ ਦੇ ਲੇਖਕਾਂ ਨੂੰ ਭਰਮਾਉਣਾ ਚਾਹਿਆ ਸੀ, ਪਰ ਉਹ ਇਕ ਹੱਦ ਤੱਕ ਹੀ ਸਫਲ ਹੋਇਆ। ਪੂਰੀ ਤਰ੍ਹਾਂ ਨਹੀਂ। ਬਹੁਤੇ ਲੇਖਕ ਵਿਕਣ ਲਈ ਨਹੀਂ ਹੁੰਦੇ।

ਅੱਜ ਜਦੋਂ ਅਸੀਂ ਪਾਕਿਸਤਾਨੀ ਉਰਦੂ ਸ਼ਾਇਰੀ ਦੀ ਗੱਲ ਕਰਦੇ ਹਾਂ, ਤਦ ਸਾਨੂੰ ਇਸ ਹਕੀਕਤ ਦਾ ਪੂਰੀ ਤਰ੍ਹਾਂ ਅਹਿਸਾਸ ਹੋ ਜਾਂਦਾ ਹੈ।



ਏਸ਼ੀਆ ਦਾ ਭਾਵੇਂ ਕੋਈ ਵੀ ਦੇਸ਼ ਹੋਵੇ, ਹਰ ਥਾਂ ਅਵਾਮ ਤੇ ਜਬਰ ਜ਼ੁਲਮ ਹੋ ਰਿਹਾ ਹੈ। ਅਤੇ ਇਹ ਸਿਲਸਿਲਾ ਇਕ ਲੰਮੇ ਸਮੇਂ ਤੋਂ ਜਾਰੀ ਹੈ। ਪਹਿਲਾਂ ਵਿਦੇਸ਼ੀ ਤਾਕਤਾਂ ਇਹ ਦਮਨ ਕਰਦੀਆਂ ਸਨ ਪਰ ਹੁਣ ਉਨ੍ਹਾਂ ਦੇ ਦੁੰਮਛੱਲੇ ਜਾਗੀਰਦਾਰ ਅਤੇ ਸਰਮਾਏਦਾਰ ਲੋਕਾਂ ਤੇ ਜਬਰ ਕਰ ਰਹੇ ਹਨ। ਪਰ ਏਸ਼ੀਆ ਦੇ ਸਭਨਾਂ ਹੀ ਦੇਸ਼ਾਂ ਵਿਚ ਅਵਾਮ ਨੂੰ ਸੁਰੱਖਿਆ ਦੇਣ ਵਾਲੀਆਂ ਅਤੇ ਅਵਾਮ ਦੇ ਹਿਤਾਂ ਲਈ ਲੜਨ ਵਾਲੀਆਂ ਧਿਰਾਂ ਤੇ ਸੰਸਥਾਵਾਂ ਬਹੁਤ ਕਮਜ਼ੋਰ ਹਨ। ਇਹੋ ਹੀ ਕਾਰਣ ਹੈ ਕਿ ਕੁਝ ਲੇਖਕ ਲੋਕ ਵੀ ਕਈ ਹਾਲਤਾਂ ਵਿਚ ਵਕਤ ਦੇ ਸ਼ਾਹੀ ਘੇਰੇ ਵਿਚ ਜਾ ਵੜਦੇ ਹਨ, ਅਤੇ ਫੇਰ ਬਾਹਰ ਨਹੀਂ ਨਿਕਲ ਸਕਦੇ।

ਪਾਕਿਸਤਾਨ ਵਿਚ ਅਗਾਂਹਵਧੂ ਲੇਖਕਾਂ ਦਾ ਇਕ ਬਹੁਤ ਵੱਡਾ ਸਮੂਹ ਹੈ, ਜਿਸਨੇ ਲੋਕਾਂ ਦੇ ਦਰਦ ਨੂੰ ਸ਼ਬਦਾਂ ਰਾਹੀਂ ਸਾਕਾਰ ਕੀਤਾ ਹੈ, ਅਤੇ ਆਜ਼ਾਦੀ ਵਾਸਤੇ ਮਨੁੱਖ ਦੀ ਸਦੀਵੀ ਤਾਂਘ ਨੂੰ ਸ਼ਿੱਦਤ ਨਾਲ ਪ੍ਰਗਟਾਇਆ ਹੈ। ਕਈ ਵਾਰ ਲੇਖਕਾਂ ਤੇ ਜਦੋਂ ਪਹਿਰੇ ਬਿਠਾਂ ਦਿਤੇ ਜਾਂਦੇ ਹਨ, ਤਦ ਉਹ ਪ੍ਰਤੀਕਾਂ ਅਤੇ ਲੋਕ ਕਥਾਵਾਂ ਆਦਿ ਨੂੰ ਆਪਣੇ ਵਿਚਾਰਾਂ ਦਾ ਮਾਧਿਅਮ ਬਣਾਕੇ ਆਪਣੇ ਮਨ ਦੀ ਗੱਲ ਕਰਦੇ ਹਨ। ਪਰ ਉਹ ਮਨ ਦੀ ਗੱਲ ਕਰਦੇ ਅਵੱਸ਼ ਹਨ। ਤਦੇ ਹੀ ਲੇਖਕਾਂ ਤੇ ਕਲਾਕਾਰਾਂ ਨੂੰ ਮਨੁੱਖੀ ਸਮਾਜ ਦਾ (ਸੰਵੇਦਨ ਸ਼ੀਲ) ਪਿੰਡਾ ਸਵੀਕਾਰ ਕੀਤਾ ਜਾਂਦਾ ਹੈ।

ਪਾਕਿਸਤਾਨ ਦੇ ਇਨ੍ਹਾਂ ਨਵੇਂ ਕਵੀਆਂ ਨੇ ਉਰਦੂ ਅਤੇ ਫਾਰਸੀ ਦੀ ਪੁਰਾਣੀ ਰੁਮਾਂਟਿਕ ਰਿਆਇਤ ਨੂੰ ਤੋੜਕੇ ਨਵੀਆਂ ਗੱਲਾਂ ਕੀਤੀਆਂ ਹਨ।

ਇਸ ਸੰਬੰਧ ਵਿਚ ਪਾਕਿਸਤਾਨ ਦੇ ਦਾਨਸ਼ਵਰ ਅਤੇ ਕਵੀ ਡਾ. ਵਜ਼ੀਰ ਆਗਾ ਨੇ ਆਪਣੇ ਇਕ ਲੇਖ ਵਿਚ ਲਿਖਿਆ ਸੀ—"ਅੱਜ ਤੋਂ ਕੁਝ ਅਰਸਾ ਪਹਿਲਾਂ ਮੈਂ ਇਸ ਨੁਕਤੇ ਦੀ ਵਿਆਖਿਆ ਕਰਦਿਆਂ ਲਿਖਿਆ ਸੀ ਕਿ ਪਾਕਿਸਤਾਨ ਦੀ ਨਵੀਂ ਉਰਦੂ ਗ਼ਜ਼ਲ ਨੇ ਬਹੁਤ ਸਾਰੇ ਉਨ੍ਹਾਂ ਪ੍ਰਤੀਕਾਂ ਨੂੰ ਤਿਆਗ ਦਿੱਤਾ ਹੈ, ਜਿਹੜੇ ਇਰਾਨ ਅਤੇ ਉਸ ਦੇ ਸਮਾਜਿਕ ਵਾਤਾਵਰਣ ਵਿਚੋਂ ਆਏ ਸਨ, ਅਤੇ ਜਿਨ੍ਹਾਂ ਨੂੰ ਕਲਾਸਕੀ ਉਰਦੂ ਗ਼ਜ਼ਲ ਨੇ ਜੀਵਨ ਦਾ ਆਧਾਰ ਬਣਾ ਰੱਖਿਆ ਸੀ। ਹੁਣ ਗ਼ਜ਼ਲ ਕਹਿਣ ਵਾਲੇ ਸ਼ਾਇਰਾਂ ਨੇ ਆਪਣੀਆਂ ਅੱਖਾਂ ਪੂਰੀ ਤਰ੍ਹਾਂ ਖੋਲ੍ਹ ਕੇ ਆਪਣੇ ਚੁਗਿਰਦੇ ਫੈਲੀ ਹੋਈ ਧਰਤੀ ਨੂੰ ਧਿਆਨ ਨਾਲ ਦੇਖਿਆ ਹੈ। ਜਿਥੇ ਉਨ੍ਹਾਂ ਨੂੰ ਬਿਰਛ, ਜੰਗਲ, ਪੱਥਰ, ਬਰਫ, ਘਰ, ਧੁੱਪ, ਸੂਰਜ, ਧੂੰਆਂ, ਸੱਪ, ਬਨੇਰਾ, ਗਲੀ, ਕਬੂਤਰ, ਧੁੜ, ਚਾਨਣੀ ਅਤੇ ਦਰਜਨਾਂ ਹੋਰ ਪਦਾਰਥ ਅਤੇ ਵਸਤਾਂ ਆਪਣੇ ਨਰੋਏ ਪ੍ਰਤੀਕਾਤਮਕ ਰੰਗਾਂ ਵਿਚ ਨਜ਼ਰ ਆਈਆਂ ਹਨ। ਇਹ ਇਕ ਅਜਿਹੀ ਧਰਤੀ ਨਾਲ ਸੰਬੰਧਿਤ ਪਦਾਰਥ ਹਨ ਜਿਸ ਤੇ ਵਰ੍ਹੇ ਦੇ ਵਧੇਤੇ ਹਿੱਸੇ ਵਿਚ ਤੇਜ਼ ਸੂਰਜ ਚਮਕਦਾ ਹੈ, ਹਨੇਰੀਆਂ ਆਉਂਦੀਆਂ ਨੇ, ਧੂੰਆਂ ਅਤੇ ਗੁਬਾਰ ਫੈਲ ਜਾਂਦਾ ਹੈ, ਅਤੇ ਫੇਰ ਅਚਾਨਕ ਸਾਵਣ ਦੀ ਵਰਖਾ ਹਰ ਵਸਤੂ ਤੇ ਸਾਵਾ ਰੰਗ ਤਰੌਂਕ ਦਿੰਦੀ ਹੈ, ਜਿੱਥੇ ਸ਼ਹਿਰ ਇਕ ਖਾਸ ਢੰਗ ਨਾਲ ਘਰਾਂ, ਗਲੀਆਂ, ਖਿੜਕੀਆਂ, ਬਨੇਰਿਆਂ ਅਤੇ ਕੁਆੜਾਂ ਦੀ ਇਕ ਗਡਮਡ ਤਸਵੀਰ ਪੇਸ਼ ਕਰਦੇ ਹਨ, ਅਤੇ ਸੰਘਣੇ ਜੰਗਲ, ਬਿਰਛਾਂ, ਪੱਤਿਆਂ, ਸ਼ਾਖਾਂ,

ਪਰਛਾਵਿਆਂ ਦੀ ਸੂਰਤ ਵਿਚ ਹਰ ਮੁਸਾਫ਼ਰ ਦਾ ਰਾਹ ਰੋਕ ਲੈਂਦੇ ਹਨ। ਇਹ ਮਾਹੌਲ ਇਰਾਨੀ ਚਮਨ ਦਾ ਮਹੌਲ ਨਹੀਂ, ਬਲਕਿ ਜੰਗਲਾਂ, ਸ਼ਹਿਰਾਂ, ਪਿੰਡਾਂ ਅਤੇ ਖੇਤਾਂ ਦਾ ਮਾਹੌਲ ਹੈ। ਇਸ ਮਾਹੌਲ ਨੂੰ ਨੇੜਿਉਂ ਮਹਿਸੂਸ ਕਰਨ ਦੀ ਰੁਚੀ ਪਾਕਿਸਤਾਨ ਵਿਚ ਰਚੀ ਜਾਣ ਵਾਲੀ ਗ਼ਜ਼ਲ ਵਿਚ ਆਸਾਨੀ ਨਾਲ ਦੇਖੀ ਜਾ ਸਕਦੀ ਹੈ।"

ਡਾ. ਵਜ਼ੀਰ ਆਗਾ ਦੀ ਇਸ ਧਾਰਣਾ ਨੂੰ ਪਾਕਿਸਤਾਨ ਦਾ ਸ਼ਾਇਰ ਗ਼ਜ਼ਲ ਵਿਚ ਕਿਵੇਂ ਬੰਨ੍ਹਦਾ ਹੈ, ਤੱਕੋ :

ਏਕ ਨਗਰ ਮੇਂ ਐਸਾ ਦੇਖਾ ਦਿਨ ਭੀ ਜਹਾਂ ਅੰਧੇਰ
ਪਿਛਲੇ ਪਹਰ ਯੂੰ ਚਲੇ ਅੰਧੇਰੀ ਜੈਸੇ ਗਰਜੇ ਸ਼ੇਰ
ਹਵਾ ਚਲੀ ਤੋ ਪੰਖ-ਪੰਖੇਰੂ ਬਸਤੀ ਛੋੜ ਗਏ
ਸੂਨੀ ਰਹਿ ਗਈ ਕੰਗਨੀ ਖਾਲੀ ਹੂਈ ਮੁੰਡੇਰ
ਬਚਪਨ ਮੇਂ ਭੀ ਵਹੀ ਖਿਲਾੜੀ ਬਨਾ ਹੈ ਅਪਨਾ ਮੀਤ
ਜਿਸ ਨੇ ਊਂਚੀ ਡਾਲ ਸੇ ਤੋੜੇ ਜ਼ਰਦ ਸੁਨਹਿਰੇ ਬੇਰ
ਯਾਰੋ ਤੁਮ ਤੋ ਏਕ ਡਗਰ ਪਰ ਹਾਰ ਕੇ ਬੈਠ ਗਏ
ਹਮਨੇ ਤਪਤੀ ਧੂਪ ਮੇਂ ਕਾਟੇ ਕੜੇ ਕੋਸ ਕੇ ਫੇਰ
ਅਬਕੇ ਤੋਂ ਇਸ ਦੇਸ਼ ਮੇਂ ਯੂੰ ਆਇਆ ਹੈ ਸੈਲਾਬ
ਕਬ ਕੀ ਖੜੀ ਹਵੇਲੀਆ ਪਲ ਮੇਂ ਹੋ ਗਈ ਢੇਰ

ਇਹ ਗ਼ਜ਼ਲ ਨਾਸਿਰ ਕਾਜ਼ਿਮੀ ਦੀ ਹੈ, ਅਤੇ ਉਸ ਉਰਦੂ ਗ਼ਜਲ ਨੂੰ ਰੁਮਾਂਟਿਕ ਅਸਰ ਵਿਚੋਂ ਬਾਹਰ ਕੱਢਕੇ, ਨਵੇਂ ਸ਼ਬਦਾਂ ਰਾਹੀਂ ਗ਼ਜਲ ਵਿਚ ਨਵੇਂ ਅਰਥ ਭਰੇ ਹਨ— ਇਹ ਅਰਥ ਜ਼ਿੰਦਗੀ ਅਤੇ ਜ਼ਮਾਨੇ ਦੀ ਸੋਚ ਨਾਲ ਪੂਰੀ ਤਰ੍ਹਾਂ ਮੇਲ ਖਾਂਦੇ ਹਨ। ਜਿਵੇਂ ਲੋਕਾਂ ਦੇ ਅਹਿਸਾਸ ਹੀ ਸ਼ਬਦ ਬਣ ਗਏ ਹੋਣ।

ਕਈ ਹਾਲਤਾਂ ਵਿਚ ਇਸ ਤਰ੍ਹਾਂ ਵੀ ਹੋਇਆ ਹੈ ਕਿ ਪਾਕਿਸਤਾਨ ਦੇ ਬੇਹਤਰੀਨ ਸ਼ਾਇਰ ਤਾਂ ਪਿਛੋਕੜ ਵਿਚ ਰਹਿ ਗਏ ਪਰ ਆਪਣਾ ਢੰਡੋਰਾ ਖ਼ੁਦ ਹੀ ਪਿਟਣ ਵਾਲੇ ਲੋਕ ਨਵੀਂ ਸ਼ਾਇਰੀ ਦੇ ਅਲੰਬਰਦਾਰ ਬਣ ਕੇ ਸਾਹਮਣੇ ਆ ਗਏ। ਖਾਸ ਕਰਕੇ ਸਾਡੇ ਇਸ ਦੇਸ਼ ਵਿਚ ਪਾਕਿਸਤਾਨ ਦੇ ਵਧੀਆ ਸ਼ਾਇਰਾਂ ਅਤੇ ਲੇਖਕਾਂ ਦੀਆਂ ਰਚਨਾਵਾਂ ਘਟ ਹੀ ਪਹੁੰਚੀਆਂ ਹਨ, ਜਿਵੇਂ ਕਿ ਸਾਡੇ ਜੈਨੁਅਨ ਲੇਖਕਾਂ ਦੀਆਂ ਰਚਨਾਵਾਂ ਵੀ ਸੀਮਾਂ ਪਾਰਲੇ ਖੇਤਰ ਵਿਚ ਨਹੀਂ ਜਾ ਸਕੀਆਂ। ਇਸ ਤਰ੍ਹਾਂ ਦਾ ਦੌਰ ਹਰ ਸਾਹਿਤ ਵਿਚ ਆਉਂਦਾ ਹੈ, ਪਰ ਬਹੁਤਾ ਚਿਰ ਨਹੀਂ ਰਹਿੰਦਾ। ਪਾਕਿਸਤਾਨ ਦੇ ਲੇਖਕਾਂ ਨੂੰ ਇਸ ਗੱਲ ਦਾ ਗਿਲਾ ਜ਼ਰੂਰ ਹੈ। ਇਹੋ ਹੀ ਕਾਰਣ ਹੈ ਕਿ ਰਿਆਜ਼ ਸੱਦੀਕੀ ਨੇ ਬੜੀ ਤਲਖੀ ਨਾਲ ਆਪਣੇ ਇਕ ਖ਼ਤ ਵਿਚ ਲਿਖਿਆ ਸੀ—

"ਹਿੰਦੁਸਤਾਨ ਦੇ ਕਈ ਮਿਲਣ ਵਾਲੇ ਰਸਾਲਿਆਂ ਅਤੇ ਅਖਬਾਰਾਂ ਦੇ ਅਧਿਐਨ ਤੋਂ ਅੰਦਾਜ਼ਾ ਹੁੰਦਾ ਹੈ ਕਿ ਸਾਡੇ ਇਥੋਂ ਵਾਪਸ ਜਾਣ ਵਾਲੇ ਪ੍ਰਸਿੱਧ ਲੇਖਕ, ਜਿਹੜੇ ਇਥੇ ਅਦਬ ਦੇ ਵੀ. ਆਈ. ਪੀ. ਤਬਕਿਆਂ ਦੇ ਹੱਥਾਂ ਵਿਚ ਆਏ ਹੋਏ ਪਾਕਿਸਤਾਨ ਦੇ ਅਦਬ



ਅਤੇ ਅਦੀਬਾਂ ਦੇ ਬਾਰੇ ਵਿਚ ਨਾ ਤੇ ਸਹੀ ਗਿਣਤੀ ਮਿਣਤੀ ਹੀ ਰੱਖਦੇ ਹਨ ਅਤੇ ਨਾ ਹੀ
ਉਨ੍ਹਾਂ ਦੇ ਬਿਆਨ ਇਥੋਂ ਦੀ ਹਕੀਕੀ ਸੂਰਤੇ ਹਾਲ ਦੀ ਨਿਸ਼ਾਨਦੇਹੀ ਕਰਦੇ ਹਨ।
ਇਕ ਮਿਸਾਲ ! ਪਰਵੀਨ ਸ਼ਾਕਿਰ ਬਾਰੇ ਇਨ੍ਹਾਂ ਹਜ਼ਰਤਾਂ ਦੀ ਰਾਏ ਹੈ। ਪਰਵੀਨ ਸ਼ਾਕਿਰ
ਦਾ ਸਬੰਧ ਇਕ ਆਮ ਮਿਡਲ ਕਲਾਸ ਘਰਾਣੇ ਨਾਲ ਹੈ। ਪਬਲਿਕ ਸਬੰਧ ਦੇ ਸਬੱਬ
ਇਨ੍ਹਾਂ ਨੂੰ ਜਿਹੜੀ ਬੇਹੱਦ ਸ਼ੋਹਰਤ ਮਿਲੀ ਹੈ, ਅਤੇ ਇਸ ਸ਼ੋਹਰਤ ਨੇ ਇਨ੍ਹਾਂ ਦੇ ਦਿਮਾਗ
ਵਿਚ ਉਹ ਸਾਰੇ ਉਲਝਾਉ ਪੈਦਾ ਕਰ ਦਿਤੇ ਨੇ, ਜਿਹੜੇ ਉੱਚੇ ਦਰਜੇ ਦੇ ਲੋਕਾਂ ਵਿਚ
ਹੁੰਦੇ ਹਨ। ਉਨ੍ਹਾਂ ਕੋਲ ਸਤਹੀਅਤ ਦੇ ਨਾਲ ਭਰਪੂਰ ਸ਼ੇਰੀਅਤ ਹੈ ਪਰ ਕਿਸੇ ਵੀ ਤਰ੍ਹਾਂ
ਉਹ ਤੀਜੇ ਦਰਜੇ ਦੀ ਸ਼ਾਇਰੀ ਤੋਂ ਜ਼ਿਆਦਾ ਅਹਿਮੀਅਤ ਨਹੀਂ ਰੱਖਦੀ।"
ਪਾਕਿਸਤਾਨ ਦੀਆਂ ਖਾਤੂਨ ਸ਼ਾਇਰਾਤ ਵਿਚ ਅਦਾ ਜਾਫਰੀ ਦੇ ਇਲਾਵਾ ਵਾਕਈ
ਜੇਕਰ ਕੋਈ ਜਦੀਦ ਅਤੇ ਕਾਬਿਲੇ-ਹਵਾਲਾ ਸ਼ਾਇਰਾ ਹੋ ਸਕਦੀ ਹੈ ਤਾਂ ਉਹ ਫਹਿਮੀਦਾ
ਰਿਆਜ਼ ਤੇ ਕਿਸ਼ਵਰ ਨਾਹੀਦ ਹਨ।
ਆਪਣੇ ਖ਼ਤ ਵਿਚ ਅੱਗੇ ਚਲਕੇ ਰਿਆਜ਼ ਨੇ ਕਿਹਾ ਹੈ—"ਬਟਵਾਰੇ ਮਗਰੋਂ ਹੁਣ
ਤਕ ਬੜੇ ਪੜਾਅ ਲੰਘ ਗਏ ਨੇ ਪਰ ਇਥੇ ਫ਼ੈਜ਼, ਜੋਸ਼ ਅਤੇ ਅਹਿਮਦ ਨਦੀਮ ਕਾਸਿਮੀ
ਵਰਗੇ ਕੱਦੋਕਾਮਤ ਰੱਖਣ ਵਾਲੇ ਫਨਕਾਰ ਨਾ ਤਾਂ ਪੈਦਾ ਹੋਏ ਹਨ, ਅਤੇ ਨਾ ਦੂਰ-ਦੂਰ
ਤਕ ਇਸ ਦੀ ਸੰਭਾਵਨਾ ਹੀ ਵਿਖਾਈ ਦਿੰਦੀ ਹੈ। ਕਾਫ਼ਿਲਾ ਰੰਗੋ-ਬੂ ਰੁਕਿਆ ਹੋਇਆ
ਹੈ। ਇਸ ਪਸ਼ੇਮੰਜ਼ਰ ਵਿਚ ਜਿਹੜੀਆਂ ਆਵਾਜ਼ਾਂ ਸਾਹਿਤ ਰਸੀਆਂ ਨੂੰ ਝੰਜੋੜਦੀਆਂ ਹਨ,
ਉਹ ਨਾਸਿਰ ਕਾਜ਼ਿਮੀ ਮਰਹੂਮ, ਸ਼ਕੇਬ ਜਲਾਲੀ ਮਰਹੂਮ, ਮੁਸਤਫਾ ਜ਼ੈਦੀ ਅਤੇ ਵਜ਼ੀਰ
ਆਗਾ ਹਨ।"
ਜੋਸ਼, ਫ਼ੈਜ਼ ਅਤੇ ਕਾਸਿਮੀ ਦੇ ਕਲਾਮ ਤੋਂ ਭਾਰਤੀ ਪੰਜਾਬ ਦੇ ਸੱਭੋ ਲੋਕ ਵਾਕਿਫ
ਨੇ। ਬਲਕਿ ਕਹਿਣਾ ਚਾਹੀਦਾ ਹੈ ਕਿ ਇਹ ਲੇਖਕ ਸਾਡੇ ਲੋਕਾਂ ਵਾਸਤੇ ਵੀ ਆਪਣੇ ਹੀ
ਹਨ। ਬੇਸ਼ੁਮਾਰ ਲੋਕਾਂ ਨੂੰ ਇਨ੍ਹਾਂ ਦਾ ਕਲਾਮ ਜ਼ੁਬਾਨੀ ਚੇਤੇ ਹੈ। ਇਸ ਲਈ ਇਨ੍ਹਾਂ ਲੇਖਕਾਂ
ਦੀ ਇਥੇ ਚਰਚਾ ਕਰਨ ਦੀ ਲੋੜ ਨਹੀਂ ਮਹਿਸੂਸ ਹੁੰਦੀ।
ਕਿਸ਼ਵਰ ਨਾਹੀਦ ਦੀ ਇਕ ਨਜ਼ਮ 'ਆਖਰੀ ਫੈਸਲਾ' ਇਥੇ ਅਨੁਵਾਦ ਰੂਪ ਵਿਚ
ਪੇਸ਼ ਕੀਤੀ ਜਾਂਦੀ ਹੈ—

ਕੰਡਿਆਂ ਦੀ ਚਟਾਨ ਤੇ ਖਲੋਤੀ
ਮੈਂ ਅੱਖਾਂ ਦੀਆਂ ਸੂਲੀਆਂ ਕੱਢ ਰਹੀ ਹਾਂ
ਇਹ ਖੇਤਰ ਕਿਸ ਰਾਜ ਦਾ ਅੰਗ ਹੈ
ਬਾਦਸ਼ਾਹਤ ਮੇਰੀ ਜੀਭ ਤੇ ਕੰਡੇ
ਗਲੇ 'ਚ ਫੰਦਾ

ਅੱਖਾਂ ਬਾਹਰ
ਸ਼ਾਹ ਬਲੂਤ ਦੇ ਲੰਮੇ ਰੁੱਖਾਂ ਵਾਂਗ
ਲੰਮੇ ਪੁੱਤ, ਬਹੁਤ ਹੋ ਗਏ ਨੇ

ਜੰਗਲ 'ਚ ਬਿਰਛ ਘਟ ਜਾਣ
ਤਾਂ ਅੱਗ ਲਾ ਕੇ ਸਾੜ ਦਿੱਤੇ ਜਾਂਦੇ ਨੇ
ਬਾਹਰ ਨਿਕਲੀ ਹੋਈ ਅੱਖ ਨਾਲ ਜ਼ਾਫਰਾਨ ਦਾ ਖੇਤ
ਅਤੇ ਕੱਟੀਆਂ ਹੋਈਆਂ ਬਾਹਵਾਂ ਨਾਲ
ਗੰਨੇ ਦੀਆਂ ਪੋਰੀਆਂ ਬਣ ਗਈਆਂ ਨੇ
ਅਸਾ ਇਕ ਝੂਠ ਬੋਲਿਆ ਸੀ ਨਾ
ਹੁਣ ਸਾਰੀ ਉਮਰ ਉਸ ਨੂੰ ਸੱਚ ਸਾਬਿਤ ਕਰਨ 'ਚ ਗੁਜ਼ਾਰ ਦਿਆਂਗੇ
ਅਸੀਂ, ਜਿਹੜੇ ਕਿ ਜ਼ਿੰਦਗੀ ਭਰ
ਆਪਣੇ ਹਿੱਸੇ ਦੀ ਰੋਟੀ ਕਮਾਉਣ ਦੀ ਕੋਸ਼ਿਸ਼ ਕਰਦੇ ਹਾਂ
ਅਤੇ ਭੁੱਖੇ ਰਹਿੰਦੇ ਹਾਂ
ਝੂਠੀ ਆਸ ਦੀ ਛਤਰੀ ਥਲੇ
ਬੁਲਬੁਲੇ ਵਰਗੇ ਹੰਝੂ

ਪਤਾਸ਼ਿਆਂ ਵਾਂਗ ਥਾਲ 'ਚ ਸਜਾਈ
ਕਦੋਂ ਤਕ ਇਹ ਝੁਠਲਾਂਦੀ ਰਹੇਂਗੀ
ਕਿ ਉਹ ਤੁਹਾਡਾ ਕਾਤਿਲ ਨਹਾਂ ਹੈ
ਕਤਲ ਕੇਵਲ ਪਲ ਭਰ ਵਿਚ
ਜ਼ਿੰਦਗੀ ਦਾ ਰਿਸ਼ਤਾ ਖਤਮ ਕਰਨ ਦਾ ਨਾਂ ਨਹੀਂ
ਹੋਂਦ ਤੋਂ ਇਨਕਾਰ ਭੀ
ਤਾਂ ਕਤਲ ਦੇ ਬਰਾਬਰ ਹੁੰਦਾ ਹੈ
ਮੇਰਾ ਜੀ ਕਰਦਾ ਹੈ
ਉਹ ਜਿਹੜੇ ਸਭੋ ਮੇਰੇ ਕਾਤਿਲ ਨੇ
ਮੈਂ ਉਨ੍ਹਾਂ ਨੂੰ ਹਵਾ ਵਾਂਗ ਨਿਗਲ ਜਾਵਾਂ

ਇਹ ਹਕੀਕਤ ਹੈ ਕਿ ਸਾਡੀ ਹੋਂਦ ਤੋਂ ਇਨਕਾਰ ਕਰਨ ਵਾਲੇ ਵੀ ਸਾਡੇ ਕਾਤਿਲ ਹੀ ਹਨ ਅਤੇ ਅਜਿਹੇ ਕਾਤਿਲ ਹੁਣ ਗਿਣਤੀ 'ਚ ਬਹੁਤ ਹੋ ਗਏ ਨੇ।

ਫਹਿਮੀਦਾ ਰਿਆਜ਼ ਦੀ ਨਜ਼ਮ ਨਾਰੀ ਸੂਖਮਤਾ ਦੀ ਇਕ ਸ਼ਾਨਦਾਰ ਮਿਸਾਲ ਹੈ। ਇਹ ਨਜ਼ਮ 'ਬਦਨ ਦਰੀਦਾ' ਵਿਚੋਂ ਲਈ ਗਈ ਹੈ—

ਲਿਆਉ, ਆਪਣਾ ਹੱਥ ਕਰੋ ਜ਼ਰਾ
ਛੋਹ ਕੇ ਮੇਰੀ ਦੇਹੀ
ਆਪਣੇ ਬੱਚੇ ਦੇ ਦਿਲ ਦੀ ਧੜਕਣ ਸੁਣੋ
ਧੁੰਨੀ ਦੇ ਏਸ ਪਾਸੇ
ਉਸ ਦੀ ਹਰਕਤ ਨੂੰ ਮਹਿਸੂਸ ਕਰਦੇ ਹੋ ਤੁਸੀਂ
ਬਸ—ਏਥੇ ਹੀ ਛਡ ਦਿਉ



ਕੁਝ ਚਿਰ ਹੋਰ ਉਹਦੇ ਹੱਥ ਨੂੰ ਮੇਰੀ ਠੰਡੀ ਦੇਹ ਤੇ ਇਥੇ ਹੀ ਛਡ ਦਿਓ
ਮੇਰੇ ਬੇਕਲ ਨਫਸ ਨੂੰ ਕਰਾਰ ਆ ਗਿਆ
ਮੇਰੇ ਈਸਾ ! ਮੇਰੇ ਦਰਦ ਦੇ ਚਾਰਾਗਰ

ਮੇਰਾ ਇਹ ਤਨ
ਇਸ ਹਥੇਲੀ ਨਾਲ ਤਸਕੀਨ ਪਾਉਣ ਲੱਗਾ
ਇਸ ਹਥੇਲੀ ਥੱਲੇ ਮੇਰਾ ਲਾਲ ਕਰਵਟ ਜਿਹੀ ਲੈਣ ਲੱਗਾ
ਉਂਗਲੀਆਂ ਨਾਲ ਬਦਨ ਉਸ ਦਾ ਪਛਾਣ ਲਵੋ
ਤੁਸੀਂ ਉਹਨੂੰ ਜਾਣ ਲਵੋ !

× × × ×

ਪਿਛਲੇ ਕੁਝ ਅਰਸੇ ਤੋਂ ਪਾਕਿਸਤਾਨ ਵਿਚ ਹਿਯਾਤੀ ਦਾ ਮਾਹੌਲ ਸਾਜ਼ਗਾਰ ਨਹੀਂ ਰਿਹਾ। ਆਮ ਲੋਕਾਂ ਦੇ ਨਾਲ ਲੇਖਕਾਂ ਅਤੇ ਦਾਨਸ਼ਵਰਾਂ ਨੇ ਵੀ ਇਸ ਤਲਖੀ ਨੂੰ ਮਹਿਸੂਸ ਕੀਤਾ ਹੈ। ਪਰ ਲੇਖਕਾਂ ਨੇ ਆਪਣੇ ਮਨ ਦੀ ਗੱਲ ਕਹਿਣ ਵਾਸਤੇ ਆਮ ਲੋਕਾਂ ਦੇ ਜੀਵਨ ਅਤੇ ਇਸ ਧਰਤੀ ਦੇ ਸਥੂਲ ਰੂਪ ਵਿਚੋਂ ਪ੍ਰਤੀਕ ਲੈ ਕੇ ਬੜੀ ਖੂਬਸੂਰਤੀ ਨਾਲ ਆਪਣੀ ਗੱਲ ਕਹੀ ਹੈ। ਪਹਿਲਾਂ ਦੇਖੋ, ਅਸਥਾਈ ਰਿਸ਼ਤਿਆਂ ਦੇ ਰਹੱਸ ਦਾ ਪ੍ਰਤੀਕ—

ਮਾਂ ਜੀ !
ਵਰਖਾ ਦੇ ਆਉਣ ਤੋਂ ਪਹਿਲਾਂ ਹੀ ਅਸੀਂ
ਚਾਰੇ-ਪੰਜੇ ਭਰਾ ਰਲਕੇ
ਗੋਹਾ, ਚੀਕਨੀ ਮਿੱਟੀ ਵਿਚ ਗੁੰਨਿਆ ਕਰਦੇ ਹਾਂ
ਆਪਣੇ ਹੱਥੀਂ
ਆਪਣੇ ਘਰ ਨੂੰ ਲਿਪਿਆ ਪੋਚਿਆ ਕਰਦੇ ਹਾਂ
ਮਾਂ ਜੀ !
ਹਲਕੀ ਹਲਕੀ ਕਿਣਮਿਣ ਨਾਲ ਹੀ
ਆਪਣੇ ਘਰ ਦੀ ਛੱਤ ਤੋਂ ਪਾਣੀ ਸਿੰਮਣ ਲਗਦਾ ਹੈ
ਹਨੇਰੀ ਆਉਣ ਤੋਂ ਪਹਿਲਾਂ ਹੀ
ਆਪਣੇ ਘਰ ਦੀਆਂ ਕੰਧਾਂ ਹਿਲਣ ਲਗਦੀਆਂ ਨੇ
ਮਾਂ ਜੀ !
ਗੋਹਾ—ਚੀਕਣੀ ਮਿੱਟੀ—ਪਾਣੀ
ਇਨ੍ਹਾਂ ਤਿੰਨਾਂ ਵਿਚ ਕਿਹੜਾ ਰਿਸ਼ਤਾ ਕੱਚਾ ਹੈ ?

ਅੱਜ ਦੇ ਸਾਡੇ ਮਾਹੌਲ ਨੂੰ ਇਹ ਨਜ਼ਮ ਕਿੰਨੀ ਖੂਬਸੂਰਤੀ ਨਾਲ ਪੇਸ਼ ਕਰਦੀ ਹੈ। ਖੂਬਸੂਰਤੀ ਦੇ ਨਾਲ ਸਾਦਗੀ ਦਾ ਵੀ ਜਵਾਬ ਨਹੀਂ ਹੈ।

ਹੁਣ ਦੇਖੋ ਹਬੀਬ ਜਾਲਿਬ ਦੀ ਇਕ ਗ਼ਜ਼ਲ, ਜਿਸ ਵਿਚ ਕਵੀ ਬੜੀ ਖੂਬਸੂਰਤੀ

ਨਾਲ ਵਿਅੰਗ ਵੀ ਕਰਦਾ ਹੈ ਅਤੇ ਬੜੀ ਮਾਸੂਮੀਅਤ ਨਾਲ ਭਵਿੱਖ ਦੇ ਆਸ਼ਾਵਾਦੀ ਦ੍ਰਿਸ਼ ਨੂੰ ਵੀ ਪੇਸ਼ ਕਰਦਾ ਹੈ—

ਉਸ ਕੋ ਸ਼ਾਇਦ ਖਿਲੌਨਾ ਲਗੀ ਹਥਕੜੀ
ਮੇਰੀ ਬੱਚੀ ਮੁਝੇ ਦੇਖ ਕਰ ਹੰਸ ਪੜੀ

ਯਹ ਹੰਸੀ ਥੀ ਸ਼ਹਰ ਕੀ ਬਸਾਰਤ ਮੁਝੇ
ਯਹ ਹੰਸੀ ਦੇ ਗਈ ਕਿਤਨੀ ਤਾਕਤ ਮੁਝੇ

ਕਿਸ ਕਦਰ ਜ਼ਿੰਦਗੀ ਕੋ ਸਹਾਰਾ ਮਿਲਾ
ਏਕ ਤਾ ਬੰਦਾ ਕਲ ਕਾ ਇਸ਼ਾਰਾ ਮਿਲਾ

ਹੱਥਕੜੀ ਮਨੁੱਖ ਦੀ ਆਜ਼ਾਦੀ ਨੂੰ ਕੈਦ ਕਰਨ ਦਾ ਪ੍ਰਤੀਕ ਹੈ ਪਰ ਮਾਸੂਮ ਬੱਚੀ ਉਸ ਨੂੰ ਇਕ ਖਿਡੌਣਾ ਸਮਝ ਰਹੀ ਹੈ। ਬੱਚੀ ਦੀ ਮੁਸਕਰਾਹਟ ਉਸ ਦੇ ਪਿਤਾ ਨੂੰ ਇਹ ਵਿਸ਼ਵਾਸ ਦਿਵਾਉਂਦੀ ਹੈ ਕਿ ਭਵਿਖ ਨਿਰਾਸ਼ਾਵਾਦੀ ਨਹੀਂ ਹੈ, ਅਤੇ ਨਵੀਂ ਪੀੜੀ ਹੱਥਕੜੀ ਨੂੰ ਇਕ ਖਿਡੌਣੇ ਤੋਂ ਵੱਧ ਕੁਝ ਨਹੀਂ ਸਮਝਦੀ। ਬੰਦੇ ਨੂੰ ਜਦੋਂ ਇਹ ਆਸ ਹੋ ਜਾਵੇ ਕਿ ਉਸ ਤੋਂ ਮਗਰਲੀ ਪੀੜ੍ਹੀ ਬੇਕਾਰ ਨਹੀਂ ਜਾਵੇਗੀ, ਤਦ ਉਹਨੂੰ ਜਿਹੜੀ ਤਸਕੀਨ ਮਿਲਦੀ ਹੈ, ਉਹਦੇ ਭਾਵ ਨੂੰ ਸ਼ਬਦਾਂ ਵਿਚ ਨਹੀਂ ਬਿਆਨ ਕੀਤਾ ਜਾ ਸਕਦਾ। ਜ਼ਿੰਦਗੀ ਦਾ ਸਿਲਮਿਲਾ ਤਾਂ ਚਲਦਾ ਹੀ ਰਹਿਣਾ ਹੈ ਪਰ ਇਸ ਨਿਰੰਤਰਤਾ ਲਈ ਇਹ ਜ਼ਰੂਰੀ ਹੈ ਕਿ ਹਿਆਤ ਦਾ ਉਸਾਰੂ ਪਹਿਲੂ ਹੀ ਬਲਵਾਨ ਰਹੇ। ਕਈ ਵਾਰ ਇਸ ਤਰ੍ਹਾਂ ਨਹੀਂ ਵੀ ਹੁੰਦਾ, ਪਰ ਅਕਸਰ ਇਸੇ ਤਰ੍ਹਾਂ ਹੀ ਹੁੰਦਾ ਹੈ। ਤਦੇ ਹੀ ਦੁਨੀਆ 'ਚ ਹੁਸਨ ਇਸ਼ਕ ਕਾਇਮ ਹੈ।

ਇਕ ਹੋਰ ਗ਼ਜ਼ਲ, ਏਜਾਜ਼ਗੁਲ ਦੀ ਗ਼ਜ਼ਲ ਸਾਡੇ ਅਜ ਦੇ ਮਾਹੌਲ ਨੂੰ ਏਨੀ ਸ਼ਿਦੱਤ ਨਾਲ ਪੇਸ਼ ਕਰਦੀ ਹੈ ਕਿ ਮਹਿਸੂਸ ਹੁੰਦਾ ਹੈ, ਜਿਵੇਂ ਸਾਡੇ ਮਾਹੌਲ ਨੂੰ ਮੁੱਖ ਰੱਖਕੇ ਹੀ ਕਵੀ ਨੇ ਇਹ ਗ਼ਜ਼ਲ ਕਹੀ ਹੈ—

ਕਾਫ਼ਿਲਾ ਉਤਰਾ ਸਹਰਾ ਮੇਂ ਔਰ ਪੇਸ਼ ਵਹੀ ਮੰਜ਼ਰ ਆਏ
ਰਾਖ ਉੜੀ ਖੇਮਾ-ਗਾਹੋਂ ਕੀ ਖ਼ੂਨ ਸੇ ਲਿਥੜੇ ਸਰ ਆਏ

ਗਲੀਉਂ ਮੇਂ ਘਮਸਾਨ ਕਾਰਨ ਹੈ ਮਾਰਕਾ ਦਸਤ-ਬ-ਦਸਤ ਹੈ ਯਹਾਂ
ਜਿਸੇ ਭੀ ਖੁਦ ਪਰ ਨਾਜ਼ ਬਹੁਤ ਹੋ ਆਂਗਨ ਸੇ ਬਾਹਰ ਆਏ

ਏਕ ਆਸੇਬ ਸਾ ਲਹਰਾਤਾ ਹੈ ਬਸਤੀ ਕੀ ਸ਼ਾਹਰਾਉਂ ਪਰ
ਸ਼ਾਮ ਢਲੇ ਜੋ ਘਰ ਸੇ ਨਿਕਲੇ ਲੌਟ ਕੇ ਫਿਰ ਨਹੀਂ ਘਰ ਆਏ

ਦਿਨੋਂ ਮਹੀਨੋਂ ਆਂਖੇਂ ਰੋਈਂ ਨਏ ਰੁਤੋਂ ਕੀ ਖ਼੍ਵਾਹਿਸ਼ ਮੇਂ
ਰੁਤ ਬਦਲੀ ਤੋ ਸੂਖੇ ਪੱਤੇ ਦਹਲੀਜ਼ੋਂ ਮੇਂ ਦਰ ਆਏ



ਏਕ ਦੀਆ ਰੋਸ਼ਨ ਰਖਨਾ ਦੀਵਾਰ ਪੇ ਚਾਂਦ ਸਿਤਾਰੋਂ ਸਾ
ਅਬਰ ਉਠੇ ਬਾਰਿਸ਼ ਬਰਸੇ ਯਾ ਹਵਾਉਂ ਕਾ ਲਸ਼ਕਰ ਆਏ

ਵਰਨਾ ਕਿਸ ਨੇ ਪਾਰ ਕੀਆ ਥਾ ਰਸਤਾ ਭਰੀ ਦੋਪਹਰੋਂ ਕਾ
ਕੁਛ ਹਮ ਸੇ ਦੀਵਾਨੇ ਥੇ ਜੋ ਤੇ ਯਹ ਮੁਸਾਫ਼ਤ ਕਰ ਆਏ

ਲਗਦਾ ਹੈ ਜਿਵੇਂ ਸ਼ਾਇਰ ਨੇ ਇਹ ਗ਼ਜ਼ਲ ਆਪਣੇ ਤੱਤੇ ਲਹੂ ਨਾਲ ਲਿਖੀ ਹੋਵੇ।
ਸੱਚੇ ਸ਼ਾਇਰ ਦਾ ਇਹੋ ਹੀ ਚਰਿੱਤਰ ਹੈ।

ਪਾਕਿਸਤਾਨ ਦਾ ਸ਼ਾਇਰ ਮਜਬੂਰ ਜ਼ਰੂਰ ਹੋ ਸਕਦਾ ਹੈ, ਪਰ ਉਹ ਮਾਯੂਸ ਨਹੀਂ ਹੈ। ਉਸ ਨੂੰ ਆਪਣੇ ਵਤਨ ਦੀ ਮਿੱਟੀ ਨਾਲ, ਧਰਤੀ ਨਾਲ ਅੰਤਾਂ ਦੀ ਮੁਹੱਬਤ ਹੈ, ਅਤੇ ਉਹ ਇਸ ਧਰਤੀ ਨੂੰ ਸੁਨਹਿਰਾ ਦੇਖਣ ਵਾਸਤੇ ਦੁਆ ਕਰਦਾ ਹੈ। ਸ਼ਾਇਸਤਾ ਹਬੀਬ ਦੀ ਨਜ਼ਮ ਦਾ ਆਰੰਭ ਕੁਝ ਇਸ ਤਰ੍ਹਾਂ ਹੈ—

ਮੈਨੂੰ ਦੁਆਵਾਂ ਤੇ ਵਿਸ਼ਵਾਸ ਨਹੀਂ ਹੈ
ਫੇਰ ਵੀ ਦੁਆ ਕਰਦੀ ਹਾਂ
ਆਪਣੀਆਂ ਅੱਖਾਂ ਦੀ ਰੋਸ਼ਨੀ ਲਈ, ਤਾਂ ਕਿ
ਮੈਂ ਆਖਰੀ ਕਿਰਣ ਤਕ
ਇਸ ਧਰਤੀ ਨੂੰ
ਸੁਨਹਿਰਾ ਹੁੰਦਿਆਂ ਦੇਖ ਸਕਾਂ

ਸ਼ਾਇਰ ਲੋਕ ਤਾਂ ਮਨੁੱਖ ਦੇ ਮਨ ਵਿਚ ਇਹ ਪਵਿੱਤਰ ਭਾਵਨਾ ਹੀ ਭਰ ਸਕਦੇ ਹਨ। ਧਰਤੀ ਨੂੰ ਸੁਨਹਿਰਾ ਬਣਾਣਾ ਲੋਕਾਂ ਦੇ ਸੰਘਰਸ਼ ਨਾਲ ਹੀ ਸੰਭਵ ਹੋ ਸਕਦਾ ਹੈ। ਲੋਕਾਂ ਦਾ ਸੰਘਰਸ਼ ਹੀ ਕੌਮਾਂ ਤੇ ਦੇਸ਼ਾਂ ਦੀਆਂ ਤਕਦੀਰਾਂ ਬਦਲਦਾ ਹੈ। ਇਹ ਹਕੀਕਤ ਸੂਰਜ ਵਾਂਗੂ ਰੌਸ਼ਨ ਹੈ।

ਤਨਵੀਰ ਸਪਨਾ ਅਗਾਂਹ ਵਧੂ ਲੇਖਕਾਂ ਵਿਚ ਬੜਾ ਹੀ ਆਦਰਯੋਗ ਸਥਾਨ ਰੱਖਦਾ ਹੈ। ਉਸ ਦੀ ਇਕ ਗ਼ਜ਼ਲ ਲੋਕਾਂ ਲਈ ਵੰਗਾਰ ਵੀ ਹੈ ਅਤੇ ਨਵੇਂ ਲੇਖਕਾਂ ਲਈ ਪ੍ਰੇਰਣਾ ਦਾ ਸੋਮਾ ਵੀ—

ਫਿਰ ਇਕਤਿਦਾਰ ਕੇ ਲੀਏ ਮਸਰੂਫ਼ ਜੰਗ ਹੈਂ
ਵਹ ਲੋਗ ਜਿਸਕੇ ਹਾਥ ਮੇਂ ਵਾਦੋਂ ਕੇ ਸੰਗ ਹੈਂ
ਨਾਰੋਂ ਪੇ ਕੂਦਗ ਨੇਂ ਹੈਂ ਤੋਂ ਦੀਖੇਂ ਬੁਲੰਦਕਰ
ਅਬ ਲੋਗ ਇਸ ਸਕੂਤੇ ਮੁਸੱਲਸਲ ਸੇ ਤੰਗ ਹੈਂ
ਲਫ਼ਜ਼ੋਂ ਕੀ ਫ਼ਾਖਤਾਏਂ ਉੜਾਤੇ ਉਨ੍ਹੇਂ ਨਾ ਦੇਖ
ਯੇ ਅਮਨ ਕੇ ਵਕੀਲ ਹੀ ਬੁਨਿਆਦੇ ਜੰਗ ਹੈਂ

96, ਗੋਲਡਨ ਐਵੀਨੀਊ, ਜਲੰਧਰ

## ( 1 ) ਮੋਈਆਂ ਸਦੀਆਂ ਦਾ ਭਾਰ / ਹਰਵਿੰਦਰ ਭੰਡਾਲ

(ਅਕਾਲ ਤਖ਼ਤ 'ਤੇ ਹੁੰਦੀਆਂ ਪੇਸ਼ੀਆਂ ਦੇ ਸਨਮੁੱਖ)

ਮੂਰਖ ਵਿਕਰਮ
ਅਜੇ ਵੀ ਮੋਈਆਂ ਸਦੀਆਂ ਪਿੱਠ 'ਤੇ ਲੱਦੀ ਫਿਰਦਾ ਹੈ
ਉਵੇਂ ਹੀ
ਸਾਰੇ ਬੇਤਾਲਾਂ ਤੇ ਬਦਬੂਆਂ ਸਮੇਤ
ਅਜੇ ਵੀ ਫੁੱਲਾਂ ਤੋਂ ਮੜ੍ਹੀਆਂ ਵੱਲ ਹੀ ਸਫ਼ਰ ਕਰਦਾ ਹੈ।

ਚਿੰਤਨ ਜਿਹੇ ਰਿਸ਼ੀ
ਫਿੱਕੇ ਜੁਗਨੂੰਆਂ ਦੀ ਸੀਮਾ-ਰੇਖਾ ਤੋਂ ਦੂਰ
ਹਨੇਰੇ ਜਜ਼ੀਰਿਆਂ 'ਚ ਕਦਮਾਂ ਦੇ ਦੀਵੇ ਜਗਾਉਂਦੇ ਹਨ
ਤੇ ਕਰਦੇ ਹਨ ਸ਼ਨਾਖਤ ਡੁੱਬ ਚੁੱਕੀਆਂ ਨਬਜ਼ਾਂ ਦੀ
ਬੀਤ ਚੁੱਕੇ ਖ਼ੁਦਾ ਦੇ ਪਿੰਜਰੇ ਤੋੜ
ਸਭ ਤੋਤੇ ਖੰਭਾਂ 'ਚ ਪਰਵਾਜ਼ ਬੁਣ ਰਹੇ ਨੇ
ਪਰ ਮੂਰਖ ਵਿਕਰਮ
ਅਜੇ ਵੀ ਲੋਥਾਂ ਦੇ ਹੱਥਾਂ 'ਚ ਤੇਗਾਂ ਦੀ ਭਾਲ ਕਰਦਾ ਹੈ।

ਦਰਪਣ ਆਖਦੇ ਕਿ ਟੁੱਟ ਚੁੱਕੇ ਤਾਰਿਆਂ ਤੋਂ
ਸੂਰਜ ਸਿਰਜਣ ਦਾ ਦਾਅਵਾ ਕਰਨ ਵਾਲੇ
ਮਾਂਦਰੀਆਂ ਦੀਆਂ ਪ੍ਰੇਤ-ਰੂਹਾਂ
ਜ਼ਿੰਦਗੀ ਦੇ ਕਿਸੇ ਵਿਹੜੇ 'ਚ ਕਿੱਕਲੀ ਨਹੀਂ ਪਾ ਸਕਦੀਆਂ
ਉਹ ਹਰਫ਼ ਵੀ ਹੁਣ ਪਿਘਲ ਰਹੇ ਨੇ
ਇਸਪਾਤੀ ਬਰਫ਼ ਜਿਹੇ
ਜੋ ਸਦੀਆਂ ਤੀਕ ਹਿਮਾਲਾ ਰਹੇ ਨੇ
—ਤੇ ਮੂਰਖ ਵਿਕਰਮ
ਅਜੇ ਵੀ ਹੱਥ ਵਿਚਲੀ ਤਲਵਾਰ ਨਾਲ
ਭਵਿੱਖ ਦਾ ਹੀ ਸਿਰ ਕਲਮ ਕਰਦਾ ਹੈ
ਪਰ ਭਵਿੱਖ ਦਾ ਸਿਰਫ਼ ਇਕ ਹੀ ਸਿਰ ਤਾਂ ਨਹੀਂ ਹੁੰਦਾ!

## ( 2 ) ਹਕੀਕਤ ਦੇ ਸ਼ਹਿਰ ਵਿੱਚ

ਹਕੀਕਤ ਦੇ ਸ਼ਹਿਰ 'ਚ
ਬਹੁਤ ਸਾਰੇ ਮਿਰਗ ਮਰ ਗਏ ਹਨ
ਜੇ ਨਹੀਂ ਮਰਿਆ



—ਤਾਂ ਕਸਤੂਰੀ ਦੀ ਮਹਿਕ ਦਾ ਅਹਿਸਾਸ
ਹਕੀਕਤ ਦੇ ਸ਼ਹਿਰ 'ਚ
ਬਹੁਤ ਸਾਰੇ ਆਈਨੇ ਤਿੜਕ ਗਏ ਨੇ
ਜੇ, ਨਹੀਂ ਤਿੜਕਿਆ
—ਤਾਂ ਗੁਟਰਗੂੰ' ਦੇ ਸੰਗੀਤ ਦਾ ਸੁਪਨਾ

ਆਦਰਸ਼ਾਂ ਦੀ ਚੜ੍ਹਾਈ ਚੜ੍ਹਦਿਆਂ
ਯਾਤਰੂ ਪੈਰਾਂ 'ਤੇ ਥਕਾਵਟ ਦੀ ਗਰਦ ਜੰਮ ਗਈ ਹੈ
ਦੂਰ ਤੋਂ ਆਉਂਦੀ ਸਾਰੰਗੀ ਦੀ ਅਵਾਜ਼
ਕਿਸੇ ਅੰਨ੍ਹੇ ਖੂਹ 'ਚ ਜਾ ਪਈ ਹੈ
ਬਹੁਤ ਵਿਸ਼ਾਲ ਹੋ ਗਿਆ ਹੈ ਅੰਬਰ
ਤੇ ਸਿਮਟ ਗਈ ਹੈ
ਪੰਛੀਆਂ ਦੇ ਖੰਭਾਂ ਵਿਚਲੀ ਉਡਾਣ
ਪਰ ਜੋ ਅਜੇ ਸਾਲਮ-ਸਬੂਤੀ ਹੈ
—ਤਾਂ ਬੁੱਢੇ ਮਾਹੀਗੀਰ ਦੀ ਮਛਲੀ ਫੜ੍ਹਨ ਦੀ ਆਸ
ਜੋ ਮਨ 'ਚ ਅਜੇ ਧੜਕਦੀ ਹੈ
—ਤਾਂ ਲਹਿਰਾਂ ਉੱਤੇ ਕਿਸ਼ਤੀ ਹੋ ਜਾਣ ਦੀ ਉਮੰਗ

ਨਜ਼ਰ ਦੇ ਪੈਂਡੇ
ਤੇ ਦੂਰ-ਦਿਸਹੱਦੇ ਦੀ ਲਾਲੀ ਵਿਚਕਾਰ
ਕਿਸੇ ਖ਼ੁਦਾ ਦੀ ਇਬਾਦਤ 'ਚ ਝੁਕੇ
ਜਾਂ ਸ਼ਾਇਦ ਪਿੱਠ 'ਤੇ ਲੱਦੇ ਖ਼ੁਦਾ ਦੇ ਬੋਝ ਨਾਲ ਲਿਫ਼ੇ
ਬਹੁਤ ਸਾਰੇ ਸਰੀਰ ਹਨ
ਲਾਲੀ 'ਚ ਘੁਲ ਜਾਣ ਦੀ ਉਡੀਕ ਕਰਦਾ
ਸਫ਼ੈਦ ਰੰਗ ਹੈ
ਤੇ ਡੋਰ ਵਾਂਗ ਉਲਝਿਆ
ਖ਼ਾਮੋਸ਼ੀ ਦਾ ਬਹੁਤ ਵੱਡਾ ਢੇਰ ਹੈ
ਪਰ ਦੂਰ-ਦਿਸਹੱਦੇ ਦੀ ਲਾਲੀ ਤੋਂ
ਅਜੇ ਬਹੁਤ ਉਰ੍ਹਾਂ ਨਜ਼ਰ 'ਚ
ਹਾੜ ਮਹੀਨੇ 'ਚ ਕਿਣ-ਮਿਣ ਜਿਹੀਆਂ ਨਜ਼ਮਾਂ ਵੀ ਨੇ
ਤੇ ਉਨ੍ਹਾਂ ਲਿੰਬੀਆਂ-ਪੋਚੀਆਂ ਦੀਵਾਰਾਂ ਉੱਤੇ

ਇਸ਼ਤਿਹਾਰਾਂ ਦੀ ਤਲਾਸ਼ ਵੀ
ਜਿਨ੍ਹਾਂ ਤੇ ਉੱਕਰਿਆ ਹੋਇਆ ਹੈ
ਏਥੇ ਇਸ਼ਤਿਹਾਰ ਲਾਉਣਾ ਮਨ੍ਹਾਂ ਹੈ।

## ( 3 ) ਜਿਊਂਦੇ ਕੇਕੜਿਆਂ ਦਾ ਪੁਲ

ਤੂੰ ਮੈਥੋਂ ਬਹੁਤ ਦੂਰ ਏਂ
ਏਨੀ ਦੂਰ—ਜਿੰਨਾ ਨਚਰ ਤੋਂ ਸਾਗਰ ਦਾ ਦੂਸਰਾ ਕਿਨਾਰਾ
ਮੈਂ ਤੇਰੇ ਬਹੁਤ ਨਜ਼ਦੀਕ ਹਾਂ
ਏਨਾ ਨਜ਼ਦੀਕ—ਕਿ ਇਕ ਸਾਹ ਅਗਾਂਹ ਲਹੂ-ਲੁਹਾਨ ਕਬੂਤਰ ਹੈ
ਰੇਤ ਹੈ ਜਾਂ ਕੋਈ ਮੋਇਆ ਬਿਰਖ

ਮੈਂ ਮਹੀਂਵਾਲ ਹਾਂ
ਆਪਣੇ ਪੱਟ ਦਾ ਮਾਸ ਚੀਰੀ ਬੈਠਾ
ਉਸ ਝਨਾਂ ਕੰਢੇ
ਜਿਸ ਦੀਆਂ ਲਹਿਰਾਂ ਨੂੰ ਨਾ ਕਦੇ ਕਿਸੇ ਸੋਹਣੀ ਨੇ ਚੁੰਮਿਆਂ
ਨਾ ਕੱਚੇ ਘੜੇ ਨੇ
—ਤੂੰ ਮੀਰਾ
ਕਿਸੇ ਅਦ੍ਰਿਸ਼ ਬਾਂਸਰੀ ਦੀ ਤਾਨ 'ਤੇ ਝੂੰਮਦੀ
ਖ਼ਾਮੋਸ਼ੀ 'ਚੋਂ ਘੁੰਗਰੂਆਂ ਦੇ ਖਿੱਲਰੇ ਬੋਰ ਚੁਣਦੀ

ਮੇਰੀਆਂ ਅੱਖਾਂ 'ਚ
ਕਾਲ ਦਾ ਕੋਈ ਅਜਨਮਿਆਂ ਦਿਨ ਹੈ
ਕਿਸੇ ਇੱਛਾ ਦੀ ਭਟਕਦੀ ਪ੍ਰੇਤ-ਆਤਮਾ
—ਤੇਰੇ ਹੋਠਾਂ 'ਤੇ ਕੋਈ ਅਜ਼ਲਾਂ ਪੁਰਾਣਾ ਪ੍ਰੇਮ-ਨਗਮਾ

ਮੇਰੇ ਤੇ ਤੇਰੇ ਦਰਮਿਆਨ
ਜੋ ਕੁਝ ਹੈ ਵੀ
ਤਾਂ ਸਿਰਫ਼ ਜਿਊਂਦੇ ਕੇਕੜਿਆਂ ਦਾ ਇਕ ਪੁਲ
ਜਿਸ ਦੇ ਇਸ ਪਾਰ ਤਾਂ ਮੈਂ ਹਾਂ—ਮੀਲ-ਪੱਥਰ ਜਿਹਾ
ਪਰ ਉਸ ਪਾਰ—ਨਾ ਕਿਤੇ ਤੂੰ ਏਂ
ਨਾ ਤੇਰੀ ਹੋਂਦ ਦੇ ਘੋਗੇ-ਸਿੱਪੀਆਂ ਹੀ

—116, ਮਾਡਲ ਟਾਊਨ, ਕਪੂਰਥਲਾ

—o—



ਲੇਖ

## ਪੰਜਾਬੀ ਨਾਲ ਧਰੋਹ ਆਖ਼ਰ ਕਦ ਤੀਕ ?

ਮੀਆਂ ਐਨੱਲਹੱਕ ਫਰੀਦਕੋਟੀ (ਪਾਕਿਸਤਾਨ)

ਇਹ ਅੱਜ ਤੋਂ ਪੰਦਰਾਂ ਵਰ੍ਹੇ ਪਹਿਲਾਂ ਦੀ ਗੱਲ ਏ। 11-12 ਅਪ੍ਰੈਲ 1979 ਨੂੰ ਇਸਲਾਮਾਬਾਦ ਵਿਚ 'ਕੌਮੀ ਅਦਬੀ ਮੁਜ਼ਾਕਰੇ' ਨਾਂ ਨਾਲ ਇਕ ਇਕੱਠ ਹੋਇਆ, ਜੀਹਦੇ ਵਿਚ ਕੌਮੀ ਹਵਾਲੇ ਨਾਲ ਲੇਖ ਪੜ੍ਹੇ ਗਏ। ਏਸ ਇਕੱਠ ਵਿਚ ਇਕ ਸੱਜਣ ਸੱਯਦ ਅਬੂਉਲ ਖ਼ੈਰ ਕਿਸ਼ਫੀ ਹੋਰਾਂ ਪੰਜਾਬੀਆਂ ਦੀ ਸਿਫਤ ਕਰਦਿਆਂ ਹੋਇਆਂ ਜਾਂ ਫਿਰ ਭਿਓਂ ਭਿਓਂ ਕੇ ਉਹਨਾਂ ਦੇ ਮੂੰਹ ਛਿੱਤਰ ਮਾਰਦਿਆਂ ਹੋਇਆਂ ਕਿਹਾ ;

"ਅੱਜ ਏਸ਼ੀਆ ਅਤੇ ਅਫਰੀਕਾ ਦੇ ਅਤਿ ਗੁੰਝਲਦਾਰ ਮਸਲਿਆਂ ਵਿਚ ਜ਼ੁਬਾਨ ਦਾ ਮਸਲਾ ਵੀ ਸ਼ਾਮਿਲ ਹੈ। ਪੂਰਬੀ ਪਾਕਿਸਤਾਨ ਦੇ ਵੱਖਰੇ ਹੋਣ ਵਿਚ ਜ਼ੁਬਾਨ ਦੇ ਰਾਜਸੀ ਪੱਖ ਦਾ ਵੱਡਾ ਹਿੱਸਾ ਹੈ। ਇਸ ਪ੍ਰਸੰਗ ਵਿਚ ਸ਼ਾਇਦ ਹੀ ਕਿਸੇ ਹੋਰ ਇਨਸਾਨੀ ਗਰੋਹ ਦੀ ਐਸੀ ਮਿਸਾਲ ਪੇਸ਼ ਕੀਤੀ ਜਾ ਸਕੇ ਕਿ ਜਿਸ ਨੇ ਪੰਜਾਬੀ ਮੁਸਲਮਾਨਾਂ ਦੇ ਵਾਂਗੂ ਆਪਣੀ ਮਾਂ-ਬੋਲੀ ਉੱਤੇ ਕਿਸੇ ਪਰਾਈ ਜ਼ੁਬਾਨ ਨੂੰ ਪਹਿਲ ਦਿੱਤੀ ਹੋਵੇ।" (ਹਵਾਲਾ, ਰੂਦਾਦੇ ਇਰਤਤਾਹ ਔਰ ਕੌਮੀ ਅਦਬੀ ਮੁਜ਼ਾਕਰਾ 11-12 ਅਪ੍ਰੈਲ 1979 ਸਫਾ 72)

ਮਾਂ-ਬੋਲੀ ਦੇ ਹਵਾਲੇ ਸਬੰਧੀ ਪਿਛਲੇ ਕੋਈ ਡੇਢ ਸੌ ਸਾਲ ਵਿਚ ਸਾਡੇ ਨਾਲ ਕੀ ਬੀਤੀ ਏ, ਤੇ ਕੀ ਕੀ ਧਰੋਹ ਕਮਾਇਆ ਗਿਆ ਏ। ਪਰ ਇਕ ਗੱਲ ਤਾਂ ਬੜੀ ਸਾਫ਼ ਏ ਪਈ ਤੁਸੀਂ ਜਹਾਲਤ ਨੂੰ ਹੋਰ ਜੋ ਕੁਝ ਵੀ ਚਾਹੋ ਕਹਿ ਲਓ, ਪਰ ਉਸ ਨੂੰ ਦੇਸ਼ ਪਿਆਰ ਦਾ ਨਾਂ ਨਹੀਂ ਦੇ ਸਕਦੇ। ਜਿਹੜਾ ਸ਼ਖ਼ਸ਼ ਆਪਣੀ ਮਾਂ ਬੋਲੀ ਦਾ ਆਦਰ ਨਹੀਂ ਕਰ ਸਕਦਾ ਉਹਦੇ ਤੋਂ ਹੋਰ ਕੀ ਆਸ ਰੱਖੀ ਜਾ ਸਕਦੀ ਏ।

ਏਥੇ ਕਿਸ਼ਫ਼ੀ ਸਾਹਿਬ ਦੀ ਇਕ ਹੋਰ ਗੱਲ ਵੀ ਗਹੁ ਗੋਚਰੀ ਏ—ਉਹਨਾਂ ਦਾ ਕਹਿਣਾ ਏ ਤੇ ਇਹ ਗੱਲ ਹੈ ਵੀ ਸੱਚ ਪਈ ਦੁਨੀਆਂ ਦੇ ਸਾਰੇ ਤਖਤੇ ਤੇ ਪੰਜਾਬੀ ਈ ਉਹ ਇਕੱਲੀ ਕੌਮ ਏ ਜਿਹੜੀ ਮਾਂ ਬੋਲੀ ਨੂੰ ਛੱਡ ਕੇ ਇਕ ਗੈਰ-ਜ਼ੁਬਾਨ ਦੀ ਹਾਮੀ ਹੋਣ ਦੀ ਦਾਅਵੇਦਾਰ ਏ, ਐਥੋਂ ਤੀਕਰ ਪਈ ਪੰਜਾਬ ਦੀ ਆਪਣੀ ਧਰਤੀ ਤੇ ਆਪਣੀ ਪਰ੍ਹੇ ਵਿਚ ਆਪਣੀ ਮਾਂ ਬੋਲੀ ਵਿਚ ਗੱਲ ਕਰਨਾ ਵੀ ਇਕ ਜੁਰਮ ਏ। ਤੁਸੀਂ ਏਸ ਰਵੱਈਏ ਨੂੰ ਕੀਹ ਕਹੋਗੇ। ਮੈਂ ਇਹਦੇ ਲਈ ਲਫ਼ਜ਼ ਨਹੀਂ ਕਹਿ ਸਕਦਾ, ਜਿਹੜੇ ਮੇਰੇ ਦਿਮਾਗ਼ ਵਿਚ ਆ ਰਹੇ ਨੇ। ਜੇਕਰ ਨਰਮ ਤੋਂ ਨਰਮ ਸ਼ਬਦ ਵੀ ਵਰਤੀਏ ਤਾਂ ਅਸੀਂ ਇਹਨੂੰ 'ਬੇਜ਼ਮੀਰੀ ਦੀ ਹੱਦ' ਕਹਿ ਸਕਦੇ ਹਾਂ।

ਗੱਲ ਨੂੰ ਅੱਗੇ ਤੋਰਨ ਲਈ ਪਹਿਲਾਂ ਪੰਜਾਬੀ ਪੜ੍ਹਾਈ ਦੇ ਪਿਛੋਕੜ ਤੇ ਝਾਤ ਮਾਰਨੀ ਜ਼ਰੂਰੀ ਏ। ਉਂਝ ਤਾਂ ਪੰਜਾਬੀ ਜ਼ੁਬਾਨ ਮੁਸਲਮਾਨਾਂ ਦੇ ਆਵਣ ਤੋਂ ਪਹਿਲਾਂ ਪੰਜਾਬ ਦੀ ਧਰਤੀ ਤੇ ਮੌਜੂਦ ਸੀ। ਮੁਸਲਮਾਨਾਂ ਦੇ ਆਵਣ ਤੇ ਸਾਨੂੰ ਪੰਜਾਬੀ ਵਿਚ

ਸ਼ਾਹਿਤ ਦੇ ਰਚਨ ਦੀਆਂ ਮਿਸਾਲਾਂ ਮਿਲਦੀਆਂ ਹਨ। ਮਹਿਮੂਦ ਗ਼ਜ਼ਨਵੀ ਤੋਂ ਪਹਿਲਾਂ ਮੁਲਤਾਨ ਵਿਚ ਸ਼ੈਬਾਨੀ ਖਾਨਦਾਨ ਸਮੇਂ ਅਬਦੁਲ ਰਹਿਮਾਨ ਨਾਂ ਦੇ ਸ਼ਾਇਰ ਦੀ, ਸਨੇਹ-ਰਾਸਕ' ਨਾਂ ਦੀ ਪੰਜਾਬੀ ਰਚਨਾ ਦੀ ਮਿਸਾਲ ਮਿਲਦੀ ਏ, ਮਹਿਮੂਦ ਗਜ਼ਨਵੀ ਸਮੇਂ ਨਾਥ ਜੋਗੀਆਂ ਦਾ ਕਲਾਮ ਪੰਜਾਬੀ ਸ਼ਾਇਰੀ ਦੀ ਇਕ ਬੜੀ ਚੰਗੀ ਮਿਸਾਲ ਏ। ਫੇਰ ਤੁਗਲਕ ਖਾਨਦਾਨ ਦੇ ਸਮੇਂ ਬਾਬਾ ਫਰੀਦ, ਸਮਸ਼ ਮੁਲਤਾਨੀ ਤੇ ਕਈ ਇਕ ਦੂਸਰੇ ਇਸਲਾਮੀ ਪੀਰਾਂ ਦਾ ਕਲਾਮ ਮਿਲਦਾ ਏ।

ਲੋਧੀ ਸਮੇਂ ਪੰਜਾਬੀ ਵਾਰਾਂ ਜਾਂ ਬਾਬੇ ਨਾਨਕ ਦਾ ਕਲਾਮ ਸਾਡੇ ਸਾਹਮਣੇ ਆਉਂਦਾ ਏ। ਮੁਗ਼ਲਾਂ ਸਮੇਂ ਰਚੇ ਗਏ ਪੰਜਾਬੀ ਅਦਬ ਦੇ ਵੇਰਵੇ ਲਈ ਤਾਂ ਇਕ ਬੜੀ ਮੋਟੀ ਕਿਤਾਬ ਦੀ ਲੋੜ ਏ। ਮੈਂ ਇਸਲਾਮਾਬਾਦ ਤੋਂ ਛਪਣ ਵਾਲੇ ਤਿਮਾਹੀ ਰਿਸਾਲੇ, 'ਅਦਬੀਯਾਤ' 'ਚ ਛਪਣ ਵਾਲੇ ਇਕ ਲੇਖ ਵਿਚ ਅਕਬਰ ਸਮੇਂ ਦੇ 25 ਸ਼ਾਇਰਾਂ ਤੇ ਪੰਜ ਨਸਰ-ਨਿਗਾਰਾਂ (ਵਾਰਤਕ-ਲੇਖਕਾਂ) ਦਾ ਵੇਰਵਾ ਕੀਤਾ ਏ, ਅਕਬਰ ਬਾਦਸ਼ਾਹ ਸਮੇਂ ਈ ਅੱਜ ਤੋਂ ਚਾਰ ਸੌ ਸਾਲ ਪਹਿਲਾਂ, ਮੌਲਵੀ ਅਬਦੀ ਲਾਹੌਰੀ ਨੇ ਪੰਜਾਬੀ ਵਿਚ ਦੀਨ ਇਸਲਾਮ ਦੀ ਸਿੱਖਿਆ ਦੇਣ ਲਈ 1589 ਵਿਚ ਰਿਸਾਲਾ 'ਮਹਿੰਦੀ' ਰਚਿਆ। ਏਸ ਤਰ੍ਹਾਂ ਦਸਤਾਵੇਜ਼ੀ ਤੌਰ ਤੇ ਪੰਜਾਬੀ 'ਚ ਪੜ੍ਹਾਈ ਦੀ ਰਵਾਇਤ ਚਾਰ ਸੌ ਸਾਲ ਤੋਂ ਵੱਧ ਏ। ਮੁਗ਼ਲ ਰਾਜ ਦੇ ਸਮੇਂ ਪੰਜਾਬੀ ਜ਼ੁਬਾਨ ਵਿਚ ਰਚੀਆਂ ਜਾਣ ਵਾਲੀਆਂ 'ਮਸਲੇ ਮਸਾਇਲ' ਹਿਕਮਤ, ਵੱਖ-ਵੱਖ ਫਰਹੰਗਾਂ ਤੇ ਦਰਸ ਨਿਜ਼ਾਮੀਂ ਦੀਆਂ ਦੂਸਰੀਆਂ ਅਣ-ਗਿਣਤ ਕਿਤਾਬਾਂ ਦੀ ਮੌਜੂਦਗੀ ਏਸ ਗੱਲ ਦਾ ਜੀਉਂਦਾ ਜਾਗਦਾ ਸਬੂਤ ਏ ਪਈ ਏਸ ਸਮੇਂ ਸਾਰੇ ਪੰਜਾਬ ਦੇ ਮਦਰੱਸਿਆਂ ਵਿਚ ਪੰਜਾਬੀ ਜ਼ੁਬਾਨ ਈ ਪੜ੍ਹਾਈ ਦਾ ਵਸੀਲਾ ਸੀ। ਏਸ ਤਰ੍ਹਾਂ ਆਮ ਪੰਜਾਬੀ ਕਿਤਾਬਾਂ ਤੋਂ ਬਿਨਾ ਅਰਬੀ ਫਾਰਸੀ ਦੀਆਂ ਸਾਰੀਆਂ ਇਲਮੀ ਤੇ ਧਾਰਮਿਕ ਕਿਤਾਬਾਂ ਦੇ ਮਹਿਨੇ ਮਤਲਬ ਵੀ ਪੰਜਾਬੀ ਰਾਹੀਂ ਦੱਸੇ ਜਾਂਦੇ ਸਨ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਖਤਮ ਹੋਣ ਉੱਤੇ ਫਰੰਗੀ ਨੇ ਆਪਣੇ ਮਨਹੂਸ (ਨਹਿਸ਼) ਪੈਰ ਸਾਡੀ ਧਰਤੀ ਉੱਤੇ ਰੱਖੇ। ਪੰਜਾਬੀ ਸੂਰਮਿਆਂ ਨੇ ਆਪਣੇ ਵਿਤੋਂ ਬਾਹਰ ਹੋ ਕੇ ਉਹਨਾਂ ਨਾਲ ਲੋਹਾ ਲਿਆ ਤੇ ਇਹ ਭੇੜ ਪੰਜ ਸਾਲ ਤੀਕਰ ਮੱਚਦਾ ਰਿਹਾ, ਪਰ ਰੱਬ ਡਾਹਢੇ ਨੇ ਸਾਡੇ ਭਾਗਾਂ 'ਚ ਹਾਰ ਲਿਖੀ ਸੀ। ਏਸ ਤਰ੍ਹਾਂ 1849 'ਚ ਫ਼ਿਰੰਗੀਆਂ ਨੇ ਪੰਜਾਂ ਦਰਿਆਵਾਂ ਦੀ ਧਰਤੀ ਤੇ ਮੱਲ ਮਾਰ ਲਈ। ਚੇਤੇ ਰਹੇ ਪਈ ਏਸ ਤੋਂ ਪਹਿਲਾਂ ਸਾਰੇ ਦੇਸ਼ ਤੇ ਕਬਜ਼ਾ ਕਰਨ ਲਈ ਫਰੰਗੀਆਂ ਨੂੰ ਪਹਿਲਾਂ ਪਹਿਲ ਦੱਖਣ 'ਚ ਹੈਦਰਅਲੀ ਸੂਰਮੇ ਤੇ ਉਹਦੇ ਸ਼ੇਰ ਪੁੱਤਰ ਟੀਪੂ-ਸੁਲਤਾਨ ਨਾਲ ਈ ਲਗਾਤਾਰ ਲੜਨਾ ਪਿਆ ਸੀ, ਨਹੀਂ ਤਾਂ ਬਾਕੀ ਸਾਰੇ ਦੇਸ਼ ਤੇ ਉਹਨਾਂ ਨੇ ਨਿਰਾ ਚਲਾਕੀ ਤੇ ਧੋਖੇਬਾਜ਼ੀ ਨਾਲ ਈ ਕਬਜ਼ਾ ਕਰ ਲਿਆ ਸੀ। ਪਲਾਸੀ ਦੀ ਲੜਾਈ ਕੋਈ ਦੁਪਹਿਰ ਵੇਲੇ ਸ਼ੁਰੂ ਹੋਈ ਤੇ ਪੇਸ਼ੀ ਵੇਲੇ ਮੁੱਕ ਗਈ, ਏਸ ਤਰ੍ਹਾਂ ਫਰੰਗੀਆਂ ਨੇ ਕੋਈ ਚਾਰ ਪੰਜਾਂ ਘੰਟਿਆਂ 'ਚ ਈ ਸਾਰੇ ਬੰਗਾਲ ਤੇ ਕਬਜ਼ਾ ਕਰ ਲਿਆ ਸੀ। ਮਿਆਨੀ ਦੀ ਲੜਾਈ ਪੇਸ਼ੀ ( ) ਵੇਲੇ ਸ਼ੁਰੂ ਹੋਈ ਤੇ ਡੀਗਰ ( ) ਵੇਲੇ ਮੁੱਕ ਗਈ। ਐਸ ਤਰ੍ਹਾਂ ਦੋ ਢਾਈ



ਘੰਟਿਆਂ ਵਿਚ ਸਾਰਾ ਸਿੰਧ ਫਤਿਹ ਹੋ ਗਿਆ ਪਰ ਪੰਜਾਬ ਤੇ ਕਬਜ਼ਾ ਕਰਨਾ ਫਰੰਗੀਆਂ ਨੂੰ ਬੜਾ ਮਹਿੰਗਾ ਪਿਆ ਸੀ। ਜਿੰਨਾ ਚਿਰ ਮਹਾਰਾਜਾ ਰਣਜੀਤ ਸਿੰਘ ਜੀਉਂਦਾ ਰਿਹਾ ਓਨਾ ਚਿਰ ਤਾਂ ਫਰੰਗੀਆਂ ਦਾ ਪੰਜਾਬ ਵੱਲ ਝਾਕਣ ਦਾ ਜੇਰਾ ਨਹੀਂ ਵਗਿਆ। ਉਹਦੇ 1839 ਵਿਚ ਦੁਨੀਆਂ ਤੋਂ ਦਲਾਣਾ ਕਰ ਜਾਣ ਪਿਛੋਂ ਫਰੰਗੀਆਂ ਨੇ ਸਿੱਖ ਦਰਬਾਰ ਦੇ ਦੋ ਡੋਗਰੇ ਅਹਿਲਕਾਰਾਂ ਗਲਾਬੂ ਤੇ ਧਿਆਨੂੰ ਨੂੰ ਆਪਣੇ ਨਾਲ ਗੰਢ ਲਿਆ।

ਦੇਸ਼ ਦੇ ਇਹ ਗੱਦਾਰ ਭਰਾ 'ਗੁਲਾਬੂ' ਤੇ 'ਧਿਆਨੂੰ' ਉਹ ਈ ਬੰਦੇ ਨੇ ਜਿਹੜੇ ਤਾਰੀਖ਼ ਵਿਚ ਗੁਲਾਬ ਸਿੰਘ, ਧਿਆਨ ਸਿੰਘ ਦੇ ਨਾਂ ਨਾਲ ਜਾਣੇ ਜਾਂਦੇ ਨੇ। ਇਹਨਾਂ ਦੋਹਾਂ ਭਰਾਵਾਂ ਨੇ ਅੰਦਰੋ ਅੰਦਰੀ ਸਿੱਖ ਰਾਜ ਦੇ ਖਿਲਾਫ਼ ਸਾਜ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਤੇ ਫਰੰਗੀਆਂ ਨੂੰ ਪੰਜਾਬ 'ਤੇ ਹਮਲਾ ਕਰਨ ਦੀ ਦਾਹਵਤ ਦਿੱਤੀ। ਏਸ ਤਰ੍ਹਾਂ ਪੰਜਾਬ ਵਿਚ ਪਹਿਲੀ ਲੜਾਈ 1845 ਵਿਚ ਲੜੀ ਗਈ ਤੇ ਲੜਾਈਆਂ ਦਾ ਇਹ ਸਿਲਸਿਲਾ 1849 ਤੀਕ ਚੱਲਦਾ ਰਿਹਾ। ਆਖਿਰ ਆਪਣਿਆਂ ਦੀਆਂ ਗੱਦਾਰੀਆਂ ਸਦਕਾ ਫਰੰਗੀਆਂ ਦਾ ਸਾਰੇ ਪੰਜਾਬ ਤੇ ਸੂਬਾ ਸਰਹੱਦ ਤੇ ਕਬਜ਼ਾ ਹੋ ਗਿਆ। ਡੋਗਰਾ ਭਰਾਵਾਂ ਨੂੰ ਉਹਨਾਂ ਦੇ ਆਪਣੀ ਕੌਮ ਨਾਲ ਗੱਦਾਰੀ ਕਰਨ ਦੇ ਬਦਲੇ ਜੰਮੂ ਤੇ ਕਸ਼ਮੀਰ ਦਾ ਰਾਜ ਦੇ ਦਿੱਤਾ ਗਿਆ।

ਸਪਸ਼ਟ ਏ ਪਈ ਇੱਕ ਜੇਤੂ ਕੌਮ ਹਾਰਿਆਂ ਨਾਲ ਕਦੇ ਵੀ ਭਲਾ ਨਹੀਂ ਗੁਜ਼ਾਰਦੀ। ਏਸ ਤਰ੍ਹਾਂ ਫਰੰਗੀਆਂ ਨੇ ਵੀ ਪੰਜਾਬ ਵਿਚ ਆਪਣੀਆਂ ਮਨ ਆਈਆਂ ਕੀਤੀਆਂ। ਏਸ ਤੋਂ ਪਹਿਲਾਂ ਤਾਂ ਫਰੰਗੀਆਂ ਦੀ ਆਮ ਰੀਤ ਇਹ ਸੀ ਪਈ ਉਹ ਜਿੱਥੇ ਵੀ ਕਬਜ਼ਾ ਕਰਦੇ ਉਥੇ ਉਹ ਸਥਾਨਕ ਜ਼ੁਬਾਨ ਨੂੰ ਈ ਲਾਗੂ ਰਹਿਣ ਦਿੰਦੇ। ਬੰਗਾਲ ਵਿਚ ਬੰਗਾਲੀ, ਮਦਰਾਸ ਵਿਚ ਮਦਰਾਸੀ, ਏਸ ਤਰ੍ਹਾਂ ਸਰਹੱਦੀ, ਗੁਜਰਾਤੀ ਤੇ ਦੂਜੀਆਂ ਜ਼ਬਾਨਾਂ ਦੀਆਂ ਮਿਸਾਲਾਂ ਸਾਡੇ ਸਾਹਮਣੇ ਨੇ। ਏਥੋਂ ਤੀਕਰ ਪਈ ਸਾਡੇ ਆਪਣੇ ਇਲਾਕੇ ਵਿਚ ਵੀ ਉਹਨਾਂ ਨੇ ਸਿੰਧ ਵਿਚ ਸਿੰਧੀ ਤੇ ਸਰਹੱਦ ਵਿਚ ਪਸ਼ਤੋ ਨੂੰ ਅੱਗੇ ਵਧਾਣ ਲਈ ਬੜਾ ਨਿੱਗਰ ਕੰਮ ਕੀਤਾ। ਪਰ ਪੰਜਾਬੀਆਂ ਦੇ ਉਹਨਾਂ ਨਾਲ ਭਰਵਾਂ ਟਾਕਰਾ ਕਰਨ ਕਾਰਨ ਉਹ ਪੰਜਾਬੀਆਂ ਦੇ ਵੈਰ ਪੈ ਗਏ ਤੇ ਉਹਨਾਂ ਇਹਦਾ ਦੰਡ ਦੇਣ ਦਾ ਇਰਾਦਾ ਕਰ ਲਿਆ। ਉਹਨਾਂ ਸੋਚਿਆ ਭਈ ਜੇਕਰ ਪੰਜਾਬੀਆਂ ਤੋਂ ਪੰਜਾਬੀਅਤ ਖੋਹ ਲਈ ਜਾਵੇ ਤਾ ਇਹ ਵੀ ਬਾਕੀ ਹਿੰਦ ਵਾਸੀਆਂ ਵਾਂਗ ਉਹਨਾਂ ਦੇ ਅਧੀਨ ਭੇਡ ਬੱਕਰੀਆਂ ਬਣ ਕੇ ਰਹਿਣ ਲੱਗ ਪੈਣਗੇ। ਏਸ ਕਾਰਨ ਪੰਜਾਬੀਆਂ ਦੀ ਪਛਾਣ ਮੁਕਾਉਣ ਲਈ ਉਹਨਾਂ ਨੇ ਪੰਜਾਬੀਆਂ ਦੇ ਵਿਰੁੱਧ ਮੋਰਚੇ ਖੋਲ੍ਹ ਦਿੱਤੇ। ਸਰਕਾਰੀ ਪੱਧਰ ਤੇ ਉਹਨਾਂ ਨੂੰ ਸਰਕਾਰੀ ਨੌਕਰੀਆਂ ਤੋਂ ਵਾਂਝਾ ਕਰਕੇ ਉਹਨਾਂ ਦੀ ਮਾਲੀ ਹਾਲਤ ਨੂੰ ਤਬਾਹ ਕਰਨਾ ਤੇ ਉਹਨਾਂ ਨੂੰ ਘਟੀਆ ਕਿਸਮ ਦੇ ਕੰਮਕਾਰਾਂ ਤੇ ਲਾ ਕੇ ਜ਼ਲੀਲ ਕਰਨਾ। ਦੂਜੇ ਪਾਸੇ ਉਹਨਾਂ ਦੀ ਪੰਜਾਬੀ ਕੌਮੀਅਤ ਤੇ ਪੰਜਾਬੀ ਜ਼ੁਬਾਨ ਦੇ ਖਿਲਾਫ਼ ਨਫਰਤ ਭਰਿਆ ਪਰਚਾਰ ਕਰਨਾ। ਫਰੰਗੀਆਂ ਦੀ ਏਸ ਪੰਜਾਬ-ਦੁਸ਼ਮਣ ਨੀਤੀ ਦੀ ਇਕ ਝਲਕ ਨਿਰਦੇਸ਼ਕ ਸਿੱਖਿਆ ਵਿਭਾਗ ਪੰਜਾਬ ਦੀ ਚਿੱਠੀ ਨੰਬਰ 888 ਮਿਤੀ 22 ਜੁਲਾਈ 1862 ਵਿਚ ਵੇਖੀ ਜਾ ਸਕਦੀ ਏ। ਪਜਾਬ ਸਰਕਾਰ

ਦੇ ਸਕੱਤਰ ਵੱਲ ਲਿਖੀ ਗਈ ਇਸ ਚਿੱਠੀ ਵਿਚ ਪੰਜਾਬੀ ਦੀ ਥਾਂ ਸਰਕਾਰੀ ਕੰਮਾਂ ਕਾਰਾਂ ਲਈ ਉਰਦੂ ਜ਼ੁਬਾਨ ਨੂੰ ਲਾਗੂ ਕਰਨ ਲਈ ਇਹ ਦਲੀਲਾਂ ਦਿੱਤੀਆਂ ਗਈਆਂ ਹਨ।

(1) ਪੰਜ਼ਾਬੀ ਇਕ ਗੰਵਾਰ ਬੋਲੀ ਏ ਤੇ ਏਸ ਵਿਚ ਸਾਹਿਤ ਦੀ ਕੋਈ ਸਿਰਜਣਾ ਨਹੀਂ ਹੋਈ।

(2) ਮੈਂ ਇਹ ਪੁਰਜ਼ੋਰ ਸ਼ਬਦਾਂ ਵਿਚ ਆਖਾਂਗਾ ਕਿ ਪੰਜਾਬ ਉੱਤੇ ਕਬਜ਼ਾ ਕਰਨ ਵੇਲੇ ਇਹ ਸਾਡੀ ਇਕ ਰਾਜਸੀ ਲੋੜ ਸੀ ਪਈ ਉਰਦੂ ਨੂੰ ਹਰ ਤਰ੍ਹਾਂ ਨਾਲ ਪੰਜਾਬੀ ਉੱਤੇ ਪਹਿਲ ਦਿੱਤੀ ਜਾਵੇ ਡਾਇਰੈਕਟਰ ਦੇ ਆਪਣੇ ਸ਼ਬਦ ਇਹ ਹਨ।

"On the annexation of Punjab political motives I dare say, had a great share in giving the superiority to Urdu."

(3) ਪੰਜਾਬ ਦੇ ਸਭਿਆਚਾਰਕ ਵਿਰਸੇ ਤੇ ਕੌਮੀ ਰਵਾਇਤਾਂ ਨੂੰ ਖ਼ਤਮ ਕਰ ਕੇ ਏਥੋਂ ਦੇ ਲੋਕਾਂ ਨੂੰ ਨਾਲ ਲਗਦੇ ਇਲਾਕਿਆਂ (ਅਰਥਾਤ ਦਿੱਲੀ ਤੇ ਯੂ. ਪੀ.) ਦੇ ਸਭਿਆਚਾਰ ਵਿਚ ਜਜ਼ਬ ਕਰਨ ਲਈ ਏਥੇ (ਪੰਜਾਬੀ ਦੀ ਥਾਂ) ਉਰਦੂ ਜ਼ੁਬਾਨ ਨੂੰ ਪਰਚਲਤ ਕਰਨਾ ਜ਼ਰੂਰੀ ਹੈ। ਅਸਲ ਸ਼ਬਦ ਇਹ ਹਨ—

The desirability of making the fusion of the local people adjoining population territories more complete and their inheritance more convenient by the use of common language, is obviously very desirable.

ਇਹ ਸਨ ਉਹ ਵਿਚਾਰ ਜਿਹਨਾਂ ਨੂੰ ਮੁੱਖ ਰੱਖ ਕੇ ਫਰੰਗੀਆਂ ਪੰਜਾਬ ਨੂੰ ਆਪਣੀ ਮਾਂ ਬੋਲੀ ਤੇ ਸਭਿਆਚਾਰ ਤੋਂ ਵਾਂਝਾ ਕਰ ਦੇਣ ਦੀ ਨੀਤੀ ਬਣਾਈ ਤੇ ਏਥੋਂ ਪੰਜਾਬੀ ਨੂੰ ਦੇਸ਼ ਨਿਕਾਲਾ ਦੇ ਕੇ ਦਿੱਲੀਓਂ ਆਪਣੀਆਂ ਫੌਜਾਂ ਦੇ ਨਾਲ ਆਏ ਹੋਏ ਪ੍ਰਬੰਧਕੀ ਅਮਲੇ ਦੀ ਜ਼ੁਬਾਨ ਨੂੰ ਸਾਡੇ ਸਿਰਾਂ ਤੇ ਬਿਠਾਲ ਦਿੱਤਾ। ਹਾਰੇ ਹੋਏ ਪੰਜਾਬੀ ਏਸ ਹੁਕਮ ਅੱਗੇ ਸਿਰ ਨਿਵਾਣ ਤੋਂ ਬਿਨਾ ਹੋਰ ਕਰ ਵੀ ਕੀ ਸਕਦੇ ਸਨ।

ਪੰਜ਼ਾਬ ਵਿਚ ਉਰਦੂ ਨੂੰ ਸਰਕਾਰੀ ਜ਼ੁਬਾਨ ਦਾ ਦਰਜਾ ਦੇਣ ਦਾ ਨਤੀਜਾ ਇਹ ਨਿਕਲਿਆ ਪਈ ਉਰਦੂ ਨਾ ਜਾਨਣ ਵਾਲੇ ਪੰਜਾਬ ਦੇ ਵੱਡੇ ਵਿਦਵਾਨ ਲੋਕ ਵੀ ਅਨਪੜ੍ਹਾਂ ਦੇ ਟੋਲੇ ਵਿਚ ਸ਼ਾਮਿਲ ਕਰ ਦਿੱਤੇ ਗਏ ਤੇ ਹਰ ਤਰ੍ਹਾਂ ਦੀਆਂ ਸਰਕਾਰੀ ਨੌਕਰੀਆਂ ਲਈ ਅਯੋਗ ਕਰਾਰ ਦੇ ਦਿਤੇ ਗਏ। ਇਹਦੀ ਇਕ ਜਾਣੀ ਪਛਾਣੀ ਮਿਸਾਲ ਸੱਯਦ ਫ਼ਜ਼ਲ ਸ਼ਾਹ ਦੀ ਏ, ਪਈ ਜਿਹੜੇ ਅਰਬੀ ਫਾਰਸੀ ਦੇ ਇਕ, ਉੱਚੀ ਪੱਧਰ ਦੇ ਆਲਮ ਸਨ। ਕਈ ਇਕ ਪੰਜਾਬੀ ਕਿੱਸੇ ਲਿਖਣ ਤੋਂ ਬਿਨਾ ਉਹਨਾਂ ਨੇ ਫਾਰਸੀ ਭਾਸ਼ਾ ਦੀਆਂ ਵੀ ਕਈ ਕਿਤਾਬਾਂ ਲਿਖੀਆਂ। ਉਹਨਾਂ ਦੇ ਇਲਮ ਨੂੰ ਮੁੱਖ ਰੱਖਦਿਆਂ ਹੋਇਆਂ ਉਹਨਾਂ ਤੇ ਬੜੀ ਖਾਸ ਮਿਹਰਬਾਨੀ ਕੀਤੀ ਗਈ ਤੇ ਉਹਨਾਂ ਤੋਂ ਵਿੱਤ ਕਮਿਸ਼ਨਰ ਲਾਹੌਰ ਦੇ ਦਫਤਰ ਵਿਚ ਚਪੜਾਸੀ ਦੀ ਨੌਕਰੀ ਦੇ ਦਿੱਤੀ ਗਈ ਤੇ ਉਹ ਵਿਚਾਰੇ ਸਾਰੀ ਉਮਰ ਚਪੜਾਸੀ ਪੁਣਾ



ਕਰਦੇ ਈ ਅੱਲਾ ਨੂੰ ਪਿਆਰੇ ਹੋ ਗਏ, ਜਦੋਂ ਕਿ ਦਿੱਲੀਓਂ ਆਵਣ ਵਾਲੇ ਪ੍ਰਾਇਮਰੀ ਪਾਸ ਲੋਕਾਂ ਨੂੰ ਹੋਰ ਕੁਝ ਨਹੀਂ ਤਾਂ ਘੱਟੋ ਘੱਟ ਮੁਨਸ਼ੀਗੀਰੀ ਦੀ ਨੌਕਰੀ ਤਾਂ ਜ਼ਰੂਰ ਲੱਭ ਜਾਂਦੀ ਸੀ।

ਦੂਜੇ ਪਾਸੇ ਕਿਸੇ ਦੇ ਕਹਿਣ ਵਾਂਗੂ, "ਬਿੱਲੀ ਦੇ ਭਾਗੀਂ ਛਿੱਕਾ ਟੁੱਟਾ"। ਫਰੰਗੀਆਂ ਦੇ ਪੰਜਾਬ ਤੇ ਕਬਜ਼ਾ ਕਰ ਲੈਣ ਤੇ ਏਥੇ ਉਰਦੂ ਨੂੰ ਸਰਕਾਰੀ ਜ਼ੁਬਾਨ ਦੇ ਤੌਰ ਤੇ ਲਾਗੂ ਕਰਨ ਨਾਲ ਦਿਲੀ ਤੇ ਯੂ. ਪੀ. ਵਾਲਿਆਂ ਦੀ ਤਾਂ ਜਿਵੇਂ ਕਿਸਮਤ ਜਾਗ ਪਈ ਹੋਵੇ। ਉਹ ਰੋਜ਼ਗਾਰ ਦੀ ਭਾਲ ਵਿਚ, ਇਸ ਤਰ੍ਹਾਂ ਪੰਜਾਬ ਵੱਲ ਭੱਜੇ ਤੁਰੇ ਆਂਵਦੇ ਸਨ, ਜਿਵੇਂ ਅੱਜ ਕੱਲ ਲੋਕ ਵਲਾਇਤ ਤੇ ਅਰਬ ਮੁਲਕਾਂ ਵੱਲ ਜਾ ਰਹੇ ਨੇ। ਛੋਟੇ ਮੋਟੇ ਆਦਮੀਆਂ ਦਾ ਤਾਂ ਨਾਂ ਈ ਕੀ ਲੈਣਾ। ਓਸ ਵੇਲੇ ਵੱਡੇ-ਵੱਡੇ ਕੱਦ ਵਾਲੇ ਲੋਕ ਵੀ ਘਰ ਬਾਰ ਛੱਡ ਕੇ ਮਾਲ ਬਣਾਵਣ ਲਈ ਏਥੇ ਆਏ, ਜੀਹਨਾਂ 'ਚ ਕੁਝ ਨਾ ਤਾਂ ਚੰਗੇ ਜਾਣੇ ਪਛਾਣੇ ਨੇ, ਜਿਵੇਂ ਮੌਲਵੀ ਮੁਹੰਮਦ ਹੁਸੈਨ ਆਜਾਦ, ਖਵਾਜਾ ਅਲਤਾਫ਼ ਹੁਸੈਨ ਹਾਲੀ, ਮੌਲਵੀ ਨਜ਼ੀਰ ਅਹਿਮਦ, ਮੁਨਸ਼ੀ ਪਿਆਰੇ ਲਾਲ, ਮੀਰ ਨਨਫੂਲ, ਮੁਨਸ਼ੀ ਨਵਲ ਕਿਸ਼ੋਰ, ਬਾਬੂ ਰਾਮਚੰਦ (ਐਡੀਟਰ ਕੋਹਨੂਰ) ਮੌਲਵੀ ਸੱਯਦ ਅਹਿਮਦ, ਮੌਲਵੀ ਕਰੀਉਲਦੀਨ, ਤੇ ਹੋਰ ਕਿੰਨੇ ਈ। ਇਕ ਆਦਮੀ ਆਉਂਦਾ ਸੀ ਤੇ ਏਥੇ ਪੈਰ ਰੱਖਣ ਦੀ ਜਗ੍ਹਾ ਮਿਲ ਜਾਣ ਪਿਛੋਂ ਆਪਣੇ ਅੰਗਾਂ ਸਾਕਾਂ ਤੇ ਯਾਰਾਂ ਬੇਲੀਆਂ ਨੂੰ ਵੀ ਏਥੇ ਬੁਲਾ ਲੈਂਦੇ ਸੀ। ਏਸ ਤਰ੍ਹਾਂ ਲਾਮ ਡੋਰੀ ਲਗਾਤਾਰ ਕਈ ਵਰ੍ਹਿਆਂ ਤੀਕ ਚੱਲਦੀ ਰਹੀ। ਇਕ ਵਕਤ ਆਇਆ, ਪਈ ਪੰਜਾਬ ਵਿਚ ਛੋਟੇ ਵੱਡੇ ਸਾਰੇ ਅਹੁਦਿਆਂ ਉੱਤੇ ਹਿੰਦੁਸਤਾਨੀਆਂ ਦਾ ਕਬਜ਼ਾ ਹੋ ਗਿਆ ਤੇ ਉਰਦੂ ਨਾ ਜਾਨਣ ਵਾਲੇ ਪੰਜਾਬੀਆਂ ਲਈ ਸਰਕਾਰੀ ਨੌਕਰੀਆਂ ਦੇ ਸਾਰੇ ਦਰ ਬੰਦ ਹੋ ਗਏ, ਜੇਕਰ ਕਿਸੇ ਸਾਹਿਬ ਬਹਾਦਰ ਯਾਂ ਉਹਦੇ ਹਿੰਦੁਸਤਾਨੀ ਮੁਨਸ਼ੀ ਦੀ ਕਿਸੇ ਪੰਜਾਬੀ ਤੇ ਖਾਸ ਮਿਹਰਬਾਨੀ ਹੋ ਜਾਂਦੀ ਤਾਂ ਉਹਨੂੰ ਭੰਗੀਆਂ ਬਹਿਸ਼ਤੀਆਂ ਮਿਸਾਲਚੀਆਂ ਯਾ ਫੇਰ ਚਪੜਾਸੀਆਂ ਦੀ ਨੌਕਰੀ ਮਿਲ ਜਾਂਦੀ ਸੀ। ਜੇ ਕਰ ਅਸੀਂ ਪੁਰਾਣੇ ਰੀਕਾਰਡ ਫਰੋਲ ਕੇ ਵੇਖੀਏ ਤਾਂ 1850 ਤੀਕਰ ਮਹਿਕਮਾ ਮਾਲ, ਮਹਿਕਮਾ ਪੁਲੀਸ, ਮਹਿਕਮਾ ਤਾਲੀਮ ਤੇ ਅਦਾਲਤ ਦੇ ਮਹਿਕਮੇ 'ਚ ਕਿਸੇ ਜਗ੍ਹਾ ਕਿਸੇ ਪੰਜਾਬੀ ਦਾ ਨਾਂ ਨਜ਼ਰ ਨਹੀਂ ਆਂਵਦਾ।

ਗੱਲ ਏਥੇ ਈ ਨਹੀਂ ਮੁੱਕ ਜਾਂਦੀ। ਕਿਸੇ ਦੇ ਕਹਿਣ ਵਾਂਗੂ "ਨਾਲੇ ਖਾਣਾ ਤੇ ਨਾਲੇ ਘੂਰਨਾ।" ਆਵਣ ਵਾਲੇ ਹਿੰਦੁਸਤਾਨੀ ਪੰਜਾਂ ਦਰਿਆਵਾਂ ਦੀ ਧਰਤੀ ਦਾ ਅੰਨ ਪਾਣੀ ਖਾਂਦੇ ਵੀ ਸਨ ਤੇ ਏਸ ਧਰਤੀ ਦੇ ਵਸਨੀਕਾਂ ਨੂੰ ਨਫਰਤ ਦੀ ਨਿਗਾਹ ਨਾਲ ਵੀ ਵੇਖਦੇ ਸਨ। ਖ਼ਾਸ ਕਰਕੇ ਪੰਜਾਬੀ ਜ਼ੁਬਾਨ ਦੇ ਵਿਰੁਧ ਤਾਂ ਨਫ਼ਰਤ ਦੀ ਕੋਈ ਕਸਰ ਨਹੀਂ ਸੀ ਬਾਬਾ ਫਰੀਦ, ਬਾਬਾ ਨਾਨਕ, ਸ਼ਾਹ ਹੁਸੈਨ, ਸੱਯਦ ਬੁਲ੍ਹੇ ਸ਼ਾਹ, ਸੁਲਤਾਨ ਬਾਹੂ ਤੇ ਖ਼ਵਾਜਾ ਫਰੀਦ ਦੀ ਏਸ ਪਾਕ ਜ਼ੁਬਾਨ ਨੂੰ ਜਾਹਲਾਂ ਉਜੱਡਾਂ ਤੇ ਗੰਵਾਰਾਂ ਦੀ ਜ਼ੁਬਾਨ ਦੱਸਿਆ ਗਿਆ। ਪੰਜਾਬ ਦੇ ਵਸਨੀਕਾਂ ਨੂੰ 'ਪੰਜਾਬੀ ਢੱਗੇ' ਕਹਿ ਕੇ ਦਿਲ ਦੀ ਭੜਾਸ ਕੱਢੀ। ਕਹਿੰਦੇ ਨੇ ਪਈ ਇਕ ਤਾਂ ਕਰੇਲਾ, ਫੇਰ ਉਹਨੂੰ ਨਿੰਮ ਦਾ ਤੜਕਾ", ਫਰ ਉਹਦੀ

ਕੁੜੱਤਣ ਦਾ ਪੁੱਛਣਾ ਈ ਕੀ । ਫਰੰਗੀ ਤਾਂ ਪਹਿਲਾਂ ਈ ਪੰਜਾਬੀਆਂ ਦੇ ਖਿਲਾਫ਼ ਖੰਰਾਂ ਖਾਈ ਬੈਠੇ ਸਨ ਤੇ ਜਿਹੜੀ ਕੋਈ ਕਸਰ ਬਾਕੀ ਰਹਿ ਗਈ ਸੀ ਉਹ ਆਉਣ ਵਾਲੇ ਹਿੰਦੁਸਤਾਨੀਆਂ ਨੇ ਲੂਤੀਆਂ ਲਾ ਕੇ ਪੂਰੀ ਕਰ ਦਿੱਤੀ । ਹਰ ਫਰੰਗੀ ਨਾਲ ਦਫਤਰ ਦਾ ਕੰਮ ਚਲਾਵਣ ਲਈ ਇਕ ਇਕ ਹਿੰਦੁਸਤਾਨੀ ਮੁਨਸ਼ੀ ਦਾ ਹੋਣਾ ਜ਼ਰੂਰੀ ਸੀ। ਆਪਣੀ ਨੌਕਰੀ ਬਣਾਈ ਰੱਖਣ ਲਈ ਓਸ ਮੁਨਸ਼ੀ ਲਈ ਜਰੂਰੀ ਸੀ ਪਈ ਉਹ ਆਪਣੇ ਸਾਹਿਬ ਬਹਾਦਰ ਦੇ ਕੰਨ ਪੰਜਾਬੀਆਂ ਤੇ ਪੰਜਾਬੀ ਜ਼ੁਬਾਨ ਦੇ ਖਿਲਾਫ਼ ਭਰਦਾ ਰਵੇ । ਇਹਨਾਂ ਜਤਨਾਂ ਦੀ ਗੂੰਜ ਮਿਸਟਰ ਮੈਕਲੌਡ ਗਵਰਨਰ ਪਜਾਬ ਦੇ 1855 ਦੇ ਇਕ ਹੁਕਮਨਾਮੇ ਵਿਚ ਸੁਣਾਈ ਦਿੰਦੀ ਏ, ਉਹ ਕਹਿੰਦਾ ਏ,

"ਪਹਿਲਾਂ ਤਾਂ ਪੰਜਾਬ ਦੇ ਪੜ੍ਹੇ ਲਿਖੇ ਨੂੰ ਉਰਦੂ ਜ਼ੁਬਾਨ ਸਿਖਾਉਣੀ ਚਾਹੀਦੀ ਏ । ਫੇਰ ਇਹਨਾਂ ਦੇ ਰਾਹੀਂ ਪੰਜਾਬ ਦੇ ਸਾਰੇ ਲੋਕਾਂ ਨੂੰ ਉਰਦੂ ਸਿਖਾਉਣੀ ਚਾਹੀਦੀ ਏ ਤੇ ਅਖੀਰ ਏਸ ਤਰ੍ਹਾਂ ਮੁਕਾਮੀ (ਸਥਾਨਕ) ਘਟੀਆ ਜ਼ੁਬਾਨ (ਪੰਜਾਬੀ) ਨੂੰ ਸਦਾ ਲਈ ਮਲੀਆਮੇਟ ਕਰ ਦੇਣਾ ਚਾਹੀਦਾ ਏ ।"

ਮੈਕਲੌਡ ਦੇ ਆਪਣੇ ਲਫ਼ਜ਼ ਇਹਨੇ, "Urdu be made familiar in the first instance to the educated classes and through them as would certainly follow to the entire body of the people to the eventual suppression of inferior local dilect." (Mehta H.R.A., History of the Growth and Development of western education in Punjab 1889).

ਇਹ ਕਿਤਾਬ ਲਾਹੌਰ ਤੋਂ 1930 ਵਿਚ ਛਪੀ ।

ਪੰਜਾਬ ਦੇ ਖਿਲਾਫ਼ ਇਹ ਨਫਰਤ ਭਰਿਆ ਪ੍ਰਾਪੇਗੰਡਾ ਕੁਝ ਏਨਾ ਲਗਾਤਾਰ ਤੇ ਜ਼ੋਰ ਸ਼ੋਰ ਨਾਲ ਕੀਤਾ ਗਿਆ, ਜਿਹਦੇ ਬਾਰੇ ਖ਼ੁਦ ਪੰਜਾਬੀਆਂ ਦੇ ਦਿਮਾਗ਼ ਦੀ ਵੀ ਸਫ਼ਾਈ ਹੋ ਗਈ ਤੇ ਉਹ ਸੱਚਮੁੱਚ ਈ ਗੰਗਾ ਜਮਨਾ ਦੁਆਬੇ ਦੀ ਜ਼ੁਬਾਨ ਨੂੰ ਰਾਵੀ ਤੇ ਝਨਾਂ ਦੀ ਮਿੱਠੀ ਬੋਲੀ ਤੋਂ ਬਹੁਤ ਉੱਚਾ ਤੇ ਸੁੱਚਾ ਸਮਝਣ ਲੱਗ ਪਏ । ਉਹ ਆਪਣੀ ਮਾਂ ਬੋਲੀ ਨੂੰ ਇਕ ਘਟੀਆ ਤੇ ਗਵਾਰ ਜ਼ੁਬਾਨ ਸਮਝਦੇ ਹੋਏ ਪੰਜਾਬੀ ਵਿਚ ਗੱਲ ਕਰਦੇ ਹੋਏ ਵੀ ਸ਼ਰਮਾਵਣ ਲੱਗ ਪਏ, ਜਿਵੇਂ ਪੰਜਾਬੀ ਬੋਲ ਕੇ ਕੋਈ ਬੜਾ ਭਾਰੀ ਗੁਨਾਹ ਕਰ ਰਹੇ ਹੋਣ ।

ਏਸ ਤੋਂ ਇਹ ਗੱਲ ਨਿੱਤਰ ਕੇ ਸਾਮ੍ਹਣੇ ਆ ਜਾਂਦੀ ਏ, ਪਈ, ਪੰਜਾਬ ਦੀ ਧਰਤੀ ਤੇ ਉਰਦੂ ਦੇ ਕਬਜ਼ਾ ਕਰਨ ਤੇ ਏਥੋਂ ਪੰਜਾਬੀ ਨੂੰ ਦੇਸ਼ ਨਿਕਾਲਾ ਦੇਣ ਨਾਲ ਨਾਲ ਨਾ ਤਾਂ ਇਸਲਾਮ ਦਾ ਕੋਈ ਸੰਬੰਧ ਏ ਤੇ ਨਾ ਈ ਪਾਕਿਸਤਾਨ ਦਾ । ਇਹ ਤਾਂ ਸਿੱਧਾ ਪੱਧਰਾ ਫਰੰਗੀਆਂ ਤੇ ਉਹਨਾਂ ਦੇ ਤੁਫੈਲੀ ਹਿੰਦੁਸਤਾਨੀਆਂ ਦੇ ਪੰਜਾਬ ਤੇ ਪਜਾਬੀ ਦੇ ਖਿਲਾਫ਼ ਨਫਰਤ ਭਰੇ ਗੱਠ-ਜੋੜ ਦਾ ਨਤੀਜਾ ਸੀ । ਫਰੰਗੀ ਤਾਂ ਚਲੇ ਗਏ ਪਰ ਪੰਜਾਬ ਤੇ ਪੰਜਾਬੀ



## ਤੁਹਾਡ ਖ਼ਤ

ਚਿਰਾਗ਼ ਦਾ ਨਵਾਂ ਅੰਕ ਮਿਲਿਆ, ਬਹੁਤ ਭਰਪੂਰ ਹੈ। ਮੈਨੂੰ ਲਗਦਾ ਹੈ ਕਿ ਸੰਪਾਦਨ-ਕਲਾ ਕਿਤੇ ਤੁਹਾਡੇ ਅੰਦਰ ਸੁੱਤੀ ਪਈ ਸੀ ਅਤੇ ਹੁਣ ਪੂਰੇ ਜੋਸ਼ ਨਾਲ ਚੇਤਨ ਹੋ ਗਈ ਹੈ । ਮੈਟਰ ਦੀ ਇਕ ਸੇਧ ਹੈ । ਤੁਸੀਂ ਉਸਾਰੂ ਕੰਮ ਕਰ ਰਹੇ ਹੋ ।

ਜਸਵੰਤ ਸਿੰਘ ਵਿਰਦੀ

★ ਮੋਟੀ ਜਿਹੀ ਨਜ਼ਰ ਮਾਰਿਆਂ ਪਰਚੇ ਦਾ ਮੈਟਰ ਚੰਗਾ ਲੱਗਾ ਏ ਇਸ ਲਈ ਥੋੜੀ ਕੁ ਤੇ ਤਸੱਲੀ ਤੇ ਸੰਤੁਸ਼ਟੀ ਵੀ ਹੁੰਦੀ ਹੈ । ਬਾਕੀ ਹੁਣ ਪਿੱਛਾ ਭਉਂ ਕੇ ਨਾ ਵੇਖਿਆ ਜੇ, ਦੱਬੀ ਚਲ ਕੰਮ ਨੂੰ । ਸਰਦਾਰਾ ਸਿੰਘ ਚੀਮਾ, ਕਿਸਾਨ ਭਵਨ, ਚੰਡੀਗੜ੍ਹ

★ ਆਪ ਦਾ ਖ਼ਤ ਮਿਲਿਆ, ਜਿਸ ਵਿਚ ਤੁਸਾਂ 'ਚਿਰਾਗ਼'ਦੇ 'ਮਾਰਕਸਵਾਦੀ ਸੁਹਜ-ਸ਼ਾਸਤਰ ਅੰਕ' ਵਾਸਤੇ ਲਿਖਣ ਲਈ ਕਿਹਾ ਹੈ । ਯਤਨ ਸਲਾਘਾਯੋਗ ਵੀ ਹੈ ਅਤੇ ਸਮੇਂ ਸਿਰ ਵੀ । ਮੈਂ ਸਫਲਤਾ ਦੀ ਕਾਮਨਾ ਕਰਦਾ ਹਾਂ । ਲੇਖ ਕਈ ਕੋਸ਼ਿਸ ਕਰਨ ਦਾ ਯਕੀਨ ਦਿੰਦਾ ਹੈ । ਡਾ. ਗੁਰਬਖਸ਼ ਸਿੰਘ ਫਰੈਂਕ

ਪ੍ਰੋ. ਤੇ ਮੁਖੀ, ਪੰਜਾਬੀ ਵਿਭਾਗ ਗ.ਨ. ਦੇ. ਯੂਨੀ.ਅੰਮ੍ਰਿਤਸਰ

★ ਇਹ ਖ਼ਤ ਬਹੁਤ ਦੇਰ ਪਹਿਲਾਂ ਲਿਖਿਆ ਜਾਣਾ ਚਾਹੀਦਾ ਸੀ । ਤੁਹਾਡੇ ਨਿੱਕੇ-ਸੁਨੇਹੇ ਅਤੇ ਸਭ ਪਰਚੇ ਮਿਲਦੇ ਰਹੇ ਹਨ । ਚਿਰਾਗ਼ ਵਿਚ 'ਅਗਨਾਰ' ਦਾ ਰੀਵੀਊ ਕਰਨ ਦਾ ਧੰਨਵਾਦ. ਤੁਹਾਨੂੰ 35-40 ਸਾਲ ਪਹਿਲਾਂ ਲਿਖੀ ਗ਼ਜ਼ਲ ਦਾ ਸ਼ਿਅਰ ਚੇਤੇ ਹੈ, ਪੜ੍ਹ ਕੇ ਖੁਸ਼ੀ ਹੋਣੀ ਕੁਦਰਤੀ ਹੈ । ਅਜ ਕੱਲ੍ਹ ਗ਼ਜ਼ਲ ਨਾ ਲਿਖਣ ਬਾਰੇ ਤੁਸੀਂ ਮਿੱਤਰਤਾ-ਭਰਿਆ ਉਲਾਂਭਾ ਦਿਤਾ ਹੈ । ਸਿਰ ਮੱਥੇ । ਇਹ ਉਲਾਂਭਾ ਮੈਂ ਵੀ ਆਪਣੇ ਆਪ ਨੂੰ ਦਿੰਦਾ ਹਾਂ, ਪਰ ਅਸਲੀਅਤ ਇਹ ਹੈ ਕਿ ਅਜੋਕੇ ਮਸਲਿਆਂ ਬਾਰੇ ਕੁਝ ਕਹਿਣ ਲਈ ਗ਼ਜ਼ਲ ਵਿਚ ਕਈ ਵਾਰ ਔਖ ਹੁੰਦੀ ਹੈ । ਨਾਲੇ ਗ਼ਜ਼ਲ ਲਈ ਸ਼ਾਇਦ ਇਕ ਖਾਸ ਮਨੋ ਦਸ਼ਾ ਦੀ ਵੀ ਲੋੜ ਹੁੰਦੀ ਹੈ, ਜੋ ਕਦੇ ਹੀ ਲੱਭਦੀ ਹੈ । ਫਿਰ ਦੋ ਕੁ ਸ਼ਿਅਰ ਕਹਿਣ ਪਿੱਛੋਂ ਤੁਕਾਂਤ ਦੇ ਚੱਕਰ ਵਿਚ ਪੈ ਕੇ, ਭਰਤੀ ਜਾਪਣ ਲੱਗ ਪੈਂਦੀ ਹੈ । ਫਿਰ ਵੀ ਗ਼ਜ਼ਲ ਬਾਰੇ ਤੁਹਾਡਾ ਸੁਨੇਹਾ ਮੈਂ ਸਾਂਭ ਲਿਆ ਹੈ ।

ਗੁਰਚਰਨ ਰਾਮਪੁਰੀ, ਕੈਨੇਡਾ

★ ਖਤ ਪੜ੍ਹ ਕੇ ਨਮੋਸ਼ੀ ਕਿ ਮੈਂ ਅਜੇ ਤੀਕ 'ਚਿਰਾਗ਼' ਲਈ ਕੁਝ ਨਹੀਂ ਕਰ ਸਕਿਆ । ਖੁਸ਼ੀ ਕਿ ਚਿਰਾਗ਼ ਦਾ ਅਪ੍ਰੈਲ '95 ਅੰਕ ਮਾਰਕਸਵਾਦੀ ਸੁਹਜ-ਸ਼ਾਸਤਰ ਅੰਕ ਹੋਵੇਗਾ ਅਤੇ ਮੈਂ ਇਸ ਵਿਚ ਵਧ ਤੋਂ ਵਧ ਹਿੱਸਾ ਪਾਉਣ ਦੀ ਕੋਸ਼ਿਸ਼ ਕਰਾਂਗਾ ।

ਡਾ. ਕੇਸਰ ਸਿੰਘ ਕੇਸਰ, ਪੰਜਾਬ ਯੂਨੀ. ਚੰਡੀਗੜ੍ਹ ।

★ 'ਵਾਘਿਓਂ ਪਾਰ' ਲਈ ਸ਼ੁਕਰੀਆ, ਇਸ ਪਰਚੇ ਰਾਹੀਂ ਸਰਹੱਦੋਂ ਪਾਰ ਦੀ ਸ਼ਾਇਰੀ ਦਾ ਅਨੰਦ ਮਾਣ ਲਈਦਾ ਹੈ । ਪੰਜਾਬੀ ਕਹਾਣੀ-ਆਲੋਚਨਾ ਵਿਚ ਡਾ. ਰਘਬੀਰ ਸਿੰਘ ਤੋਂ ਪਿੱਛੋਂ ਜਾਪਦਾ ਹੈ ਡਾ. ਧਾਲੀਵਾਲ ਹੀ ਅਜਿਹਾ ਨੌਜਵਾਨ ਆਲੋਚਕ ਹੈ, ਜਿਹਨੇ ਇਸ ਖੇਤਰ ਵਿਚ ਚੰਗਾ ਕੰਮ ਕੀਤਾ ਹੈ ।

ਗੁਰਮੀਤ ਕੱਲਰ ਮਾਜਰੀ, ਪਟਿਆਲਾ ।

ਖੁਸ਼ੀ ਹੋਈ ਕਿ ਚਿਰਾਗ਼ ਦਾ ਮਾਰਕਸਵਾਦੀ ਸੁਹਜ-ਸ਼ਾਸਤਰ ਅੰਕ ਤੁਸਾਂ Plan ਕਰ ਲਿਆ ਹੈ । ਮੈਂ ਇਸ ਲਈ ਜ਼ਰੂਰ ਲਿਖਾਂਗਾ, ਵਿਸ਼ਾ ਭਾਵੇਂ ਤੁਸੀਂ ਸੁਝਾ ਦਿਓ—ਵਰਨਾ, ਅਜੋਕੇ ਪ੍ਰਸੰਗ ਵਿਚ ਮਾਰਕਸਵਾਦੀ ਸੁਹਜ ਸ਼ਾਸਤਰ ਦੀ ਸਾਰਥਕਤਾ ਜਾਂ 'ਮਾਰਕਸਵਾਦੀ ਸੁਹਜ-ਸ਼ਾਸਤਰ ਤੇ ਸਾਹਿਤ ਦਾ ਸਮਾਜ-ਸ਼ਾਸ਼ਤਰ' ਜਾਂ ਪ੍ਰਤੀਬੱਧ ਸਾਹਿਤ ਬਨਾਮ ਮੁਕਤ ਸਾਹਿਤ', ਜੋ ਵੀ ਤੁਸੀਂ ਚੁਣੋਂ, ਲਿਖ ਦੇਣਾ ।

ਡਾ. ਚਮਨ ਲਾਲ ਪਟਿਆਲਾ

★ ਮੈਂ ਚਿਰਾਗ਼ ਦੇ ਵਿਸ਼ੇਸ਼ ਅੰਕ ਕਈ 'ਮਾਰਕਸਵਾਦੀ ਕਾਵਿ-ਸ਼ਾਸਤਰ, ਨਵ-ਪਰਿਪੇਖ' ਬਾਰੇ ਲਿਖਾਂਗਾ । ਇਹ 20 ਦਿਨਾਂ ਦੇ ਨੋਟਿਸ ਉਪਰ ਮਿਲ ਜਾਵੇਗਾ ਕੋਈ ਹੋਰ ਸੇਵਾ ?

ਡ . ਸੁਖਦੇਵ ਸਿੰਘ ਸਿਰਸਾ

★ 'ਚਿਰਾਗ਼' ਦੇ ਸਬੰਧ ਵਿਚ ਯਾਦ ਕਰਨ ਲਈ ਧੰਨਵਾਦੀ ਹਾਂ । ਮੈਂ ਖੁਸ਼ੀ ਨਾਲ ਤੁਹਾਡੇ ਰਿਸਾਲੇ ਲਈ ਲੇਖ ਲਿਖਾਂਗਾ ਜਿਸਦਾ ਸਿਰਲੇਖ ਹੋਵੇਗਾ, "Postmodernism and Marxism । ਇਹ ਨਵਾਂ ਵਿਸ਼ਾ ਹੈ ਜਿਹੜਾ ਕਿ ਸਾਹਿਤਕ ਹਲਕਿਆਂ ਵਿਚ ਹਰ ਥਾਂ ਵਾਦ-ਵਿਵਾਦ ਦਾ ਵਿਸ਼ਾ ਬਣਿਆ ਹੋਇਆ ਹੈ ।

ਡਾ. ਚੰਚਲ ਚੌਹਾਨ, ਜਨਵਾਦੀ ਲੇਖਕ ਸੰਘ ਦਿੱਲੀ

★ ਪੰਜਾਬ ਦੀ ਕਵਿਤਾ ਤੇ ਮੈਂ ਕੁਝ ਵੱਖਰਾ ਵੀ ਲਿਖਣਾ ਚਾਹੁੰਦਾ ਹਾਂ ਅਗਲੇ ਸਾਲ ਮੈਂ ਕੁਝ ਯੋਜਨਾ ਵੀ ਬਣਾਈ ਹੈ ਕਿ ਪੰਜਾਬੀ ਦੀ ਮਾਰਕਸਵਾਦੀ ਅਲੋਚਨਾ ਨੂੰ ਇਕੱਠਾ ਕਰਨਾ ਚਾਹੁੰਦਾ ਹਾਂ । ਮੈਨੂੰ ਲੱਗਦਾ ਹੈ ਕਿ ਉਸ ਦਾ ਸਿਧਾਂਤਕ ਪੱਖ ਕੁਝ ਕਮਜ਼ੋਰ ਹੈ । ਸੁਹਜ ਸ਼ਾਸ਼ਤਰ ਤੇ ਵੀ ਮੈਂ ਇਕ ਲੇਖ ਤਿਆਰ ਕਰਾਂਗਾ ਇਕ ਪੱਖ ਤੇ । ਸੁਹਜ ਸ਼ਾਸ਼ਤਰ ਵਿਚ—ਸਾਹਿਤ ਵਿੱਚ – ਵਿਸ਼ੇਸ਼ ਕਰ ਕਵਿਤਾ ਵਿਚ ਰਾਜਨੀਤੀ ਕਿਵੇਂ ਪ੍ਰਗਟ ਹੁੰਦੀ ਹੈ । ਸਾਡੇ ਮਾਰਕਸਵਾਦੀ ਸਾਥੀ ਸੌਂਦਰਯਬੋਧ ਦੇ ਅਧਾਰ ਤੇ ਰਾਜਨੀਤੀ ਨੂੰ ਅਨੁਭਵ ਨਹੀਂ ਕਰਦੇ ਬਲਕਿ ਰਾਜਨੀਤੀ ਨੂੰ ਸਹਿਤ ਵਿਚ ਬੜੇ ਮੋਟੇ ਅਰਥਾਂ ਵਿਚ ਵਰਤੋਂ ਕਰਦੇ ਹਨ । ਨਵੰਬਰ ਵਿਚ ਮੈਂ ਅੰਮ੍ਰਿਤਸਰ ਆਉਣਾ ਹੈ । ਲੇਖ ਲਈ ਆਵਾਂਗਾ । ਨਹੀਂ ਤਾਂ ਡਾਕ ਰਾਹੀਂ ਭੇਜਾਂਗਾ । ਸਫ਼ਿਆਂ ਦੀ ਗਿਣਤੀ ਬਾਰੇ ਦੱਸ ਦੇਣਾ, ਕਿਉਂਕਿ ਇਹ ਇਕ ਬਹੁਤ ਵੱਡਾ ਬੁਨਿਆਦੀ ਲੇਖ ਹੋਵੇਗਾ ।

ਡਾ. ਪ੍ਰਦੀਪ ਸਕਸੈਨਾ ਹਿੰਦੀ ਵਿਭਾਗ, ਮੁ. ਯੂਨੀ. ਅਲੀਗੜ੍ਹ (ਯੂ. ਪੀ.)

★ 'ਚਿਰਾਗ਼' ਦੀਆਂ ਕਹਾਣੀਆਂ ਬਹਤ ਢਿੱਲੀਆਂ ਹੁੰਦੀਆਂ ਹਨ । ਇਹ ਜ਼ਰੂਰੀ ਨਹੀਂ ਕਿ ਸਥਾਪਤ ਲਿਖਾਰੀ ਦੀ ਹਰ ਕਹਾਣੀ ਕਲਾ ਦੇ ਪੱਖ ਤੋਂ ਪੂਰੀ ਉਤਰਦੀ ਹੋਵੇ । Myths ਅਤੇ Assumptions ਨੂੰ ਕਲਪਣਾ ਨਾਲ ਜੋੜਨਾ ਬਹੁਤ ਘਾਤਕ ਹੈ । ਤੁਹਾਡੇ ਬਲਦੇਵ ਬਾਵਾ ਦੀ ਕਵਿਤਾ ਬਾਰੇ ਵਿਚਾਰ ਬਿਲਕੁਲ ਠੀਕ ਤੇ ਸੰਤੁਲਤ ਹਨ ।

ਅਵਤਾਰ ਉੱਪਲ, ਸਾਊਥਹਾਲ, ਯੂ. ਕੇ.

★ ਤੂੰ ਚਿਰਾਗ਼ ਦਾ ਮਾਰਕਸਵਾਦੀ ਸੁਹਜ ਸ਼ਾਸ਼ਤਰ ਵਿਸ਼ੇਸ਼ ਅੰਕ ਕੱਢ ਰਿਹਾ ਹੈਂ । ਇਹ ਵਧੀਆ ਗੱਲ ਹੈ । ਮੇਰਾ ਲੇਖ ਹੋਵੇਗਾ, "ਦਵੇਦਾਤਮਿਕ ਵਿਸ਼ਲੇਸ਼ਣ ਵਿਧੀ" । ਕਿਉਂਕਿ ਕਿਸੇ ਵੀ ਰਚਨਾ ਦੇ ਸਹੀ ਵਿਸ਼ਲੇਸ਼ਣ ਲਈ ਅੱਜ ਵੀ ਸਾਡੇ ਕੋਲ ਇਸ ਤੋਂ ਬਿਹਤਰ ਵਿਧੀ ਨਹੀਂ ਹੈ ।

ਡਾ. ਸਵਰਨ ਚੰਦਨ, ਦਿੱਲੀ




## With best compliments from :

# FREEDOM SALES

**G. T. Road (Near Canal),**
**AMRITSAR-143001**

Awarded with Gold Medal & Udyog Patra by
Vice President of India

CYCLE AIR PUMPS, AIR PUMP'S RUBBER NYLEX TUBINGS, CYCLE'S RUBBER & PLASTIC PARTS, MUDGUARD SCREWS & NUTS BOLTS, CYCLE BELL & PEDALS

Office Phone :
230930, 260846, 230833,
230848, 230849, 231165,
47953.

Resi. Phone :
224453, 220018, 224853.
221500, 62148,
Grams : 'FREEDOM'

ਉੱਤਰੀ ਭਾਰਤ ਵਿਚ ਸਿਰਫ ਇੱਕੋ

**ਪਲਾਸਟਿਕ, ਕਾਸਮੈਟਿਕ ਤੇ ਪੁਨਰ-ਸਿਰਜਣਾ ਦਾ ਕੇਂਦਰ**

# ਭੁਪਿੰਦਰਾ ਨਰਸਿੰਗ ਹੋਮ

**ਸਾਡੀਆਂ ਵਿਸ਼ੇਸ਼ਤਾਈਆਂ :**

★ **ਚਰਬੀ ਕੱਢਣ,** ਸਰੀਰ ਚੋਂ ਵਾਧੂ ਜਮ੍ਹਾ ਹੋਈ ਚਰਬੀ ਕੱਢਣਾ।

★ ਸਰੀਰਕ ਬਣਤਰ ਨੂੰ ਹੋਰ ਸੁੰਦਰ ਬਣਾਉਣਾ, ਸਦੀਵੀ, ਸੁਰੱਖਿਅਤ ਤੇ ਘੱਟ ਖਰਚੇ ਵਾਲਾ।

★ **ਸਫ਼ੇਦ ਦਾਗ਼,** ਰੁਕੇ ਹੋਏ ਫੁਲਹਿਰੀ ਦੇ ਚਿੱਟੇ ਦਾਗਾਂ ਨੂੰ ਉਪਰੇਸ਼ਨ ਰਾਹੀਂ ਸਥਾਈ ਤੌਰ ਤੇ ਦੂਰ ਕਰਨਾ।

★ ਨੱਕ ਦੀ ਬਣਤਰ ਨੂੰ ਸੁੰਦਰ ਬਣਾਉਣਾ, ਵਿਗੜੀ ਸ਼ਕਲ ਠੀਕ ਕਰਨੀ, ਛੋਟੀ ਨੂੰ ਵੱਡਾ ਅਤੇ ਵੱਡੀ ਕਰੂੰਬਲੀ ਨੂੰ ਛੋਟਾ ਕਰਕੇ ਸੁੰਦਰ ਬਣਾਉਣਾ।

★ ਚਿਹਰੇ ਦੀਆਂ ਝੁਰੜੀਆਂ ਨੂੰ ਢੁਕਵੀਂ, ਉਮਰ ਦੇ ਪਰਭਾਵਾਂ ਨੂੰ ਘਟਾਕੇ, ਜਵਾਨ ਦਿੱਖ ਬਹਾਲ ਕਰਨੀ।

★ ਅੱਖਾਂ ਦੇ ਹੇਠਾਂ ਜਾਂ ਉਪਰ ਵਾਧੂ ਤੇ ਢਿਲਕੇ ਹੋਏ ਮਾਸ ਨੂੰ ਠੀਕ ਕਰਨਾ।

★ ਕੰਨ ਤੇ ਬੁੱਲ੍ਹਾਂ ਦੀ ਬਣਤਰ ਸੁੰਦਰ ਬਣਾਉਣਾ।

**ਵਿਸ਼ੇਸ਼ :**

★ ਦਾਗ਼, ਧੱਬੇ ਜਾਂ ਲਸਣ ਨੂੰ ਮਿਟਾਉਣਾ।

★ ਗੰਜੇਪਨ ਦਾ ਇਲਾਜ ਵਾਲਾਂ ਦੇ ਪ੍ਰਤੀਰੂਪਣ ਰਾਹੀਂ।

★ ਛਾਤੀ ਨੂੰ ਛੋਟੀ ਜਾਂ ਵੱਡੀ ਕਰਨਾ।

★ ਜਲੇ ਸੜੇ ਦਾ ਇਲਾਜ

★ ਪੁਰਾਣੇ ਜਲੇ ਹੋਏ ਦੇ ਨਿਸ਼ਾਨ ਅਤੇ ਨਾੜਾਂ ਦੇ ਗੁੱਛਿਆਂ ਨੂੰ ਦੂਰ ਕਰਨਾ।

★ ਜਮਾਂਦਰੂ ਨੁਕਸ, ਜਿਸ ਤਰ੍ਹਾਂ ਖੰਡਾ, ਬੁੱਲ੍ਹ ਆਦਿ ਦੀ ਦਰੁਸਤੀ।

## ਡਾ. ਬੀ. ਪੀ. ਸਿੰਘ, ਐਮ. ਐਸ.

**ਪਲਾਸਟਿਕ, ਕਾਸਮੈਟਿਕ ਤੇ ਪੁਨਰ-ਸਿਰਜਣਾ ਦਾ ਸਰਜਨ**

ਨੇੜੇ ਸੈਂਟਰਲ ਟਾਊਨ ਗੁਰਦਵਾਰਾ ਦੀਵਾਨ ਅਸਥਾਨ,

ਮਿਲਾਪ ਰੋਡ, ਜਲੰਧਰ-144001

ਟੈਲੀਫੂਨ ; 223376, 224228, 221295